# PunjabiDailyOnLine


@Hansra_SS /PunjabiDaily
Friday September 19, 2014, 3 ਅੱਸੂ, ਨਾਨਕਸ਼ਾਹੀ ਸੰਮਤ 546
Vol. 7, No. 2286, Tel: 416-661-7273, Fax: 416-661-7273







## ਕੀਮੋਥਰੈਪੀ ਲਈ ਜਾਣ ਤੋਂ ਪਹਿਲਾਂ ਫੋਰਡ ਨੇ ਕੀਤਾ ਭਾਵੁਕ ਆਡੀਓ ਬਿਆਨ

ਟਰਾਂਟੋ/ਡੇਲੀ ਬਿਊਰੋ/ਸਤੰਬਰ 18-2014- ਮੇਅਰ ਰੌਬ ਫੋਰਡ ਨੇ ਦੁਰਲੱਭ ਕਿਸਮ ਦੇ ਕੈਂਸਰ ਦੇ ਇਲਾਜ ਲਈ ਸ਼ੁਰੂ ਕੀਤੀ ਜਾ ਰਹੀ ਕੀਮੋਥਰੈਪੀ ਤੋਂ ਪਹਿਲਾਂ ਆਪਣੀ ਇਕ ਆਡੀਓ ਸਟੇਟਮੈਂਟ ਜਾਰੀ ਕਰਕੇ ਟਰਾਂਟੋ ਵਾਸੀਆਂ ਦਾ ਧੰਨ-ਵਾਦ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਉਹ ਫਿਰ ਸਮਾਜ ਸੇਵਾ ਲਈ ਤੰਦਰੁਸਤ ਹੋ ਕੇ ਆਉਣਗੇ। ਦੋ ਮਿੰਟ ਦੇ ਇਸ ਬਿਆਨ ਨੂੰ ਮਾਊਂਟ ਸਿਨਾਈ ਹਸਪਤਾਲ ਤੋਂ ਜਾਰੀ ਕੀਤਾ, ਜਿੱਥੇ ਅੱਜ ਫੋਰਡ ਦੀ ਕੀਮੋਥਰੈਪੀ ਆਰੰਭ ਹੋ ਜਾਣੀ ਹੈ। ਮੇਅਰ ਫੋਰਡ ਨੇ ਕਿਹਾ ਕਿ ਮੈਂ ਟਰਾਂਟੋ ਦੇ ਚੰਗੇ ਲੋਕਾਂ ਦਾ ਧੰਨਵਾਦ ਕਰਦਾ ਹਾਂ। ਮੈਨੂੰ ਤੁਹਾਡੀ ਹਮਦਰਦੀ ਅਤੇ ਹਮਾਇਤ ਭਰਪੂਰ ਮਿਲੀ ਹੈ। ਇਸ ਤੋਂ ਭਾਵਹੈ ਕਿ ਮੈਂ ਇਸ ਸਮੱਸਿਆ ਤੋਂ ਤੁਹਾਡੀਆ ਦੁਆਵਾਂ ਸਦਕਾ ਪਾਰ ਪਾ ਲਵਾਂਗਾ। ਮੈਨੂੰ ਮੇਰੇ ਪਰਿਵਾਰ ਅਤੇ ਦੋਸਤਾਂ ਨੇ ਬਹੁਤ ਸਹਿਯੋਗ ਦਿੱਤਾ ਹੈ।



## ਇਰਾਕ ਵਿਚ ਆਤਮਘਾਤੀ ਧਮਾਕਿਆਂ ਵਿਚ 15 ਦੀ ਮੌਤ

ਬਗਦਾਦ- ਇਰਾਕ ਦੀ ਰਾਜਧਾਨੀ ਬਗਦਾਦ ਵਿਚ ਇਕ ਕਾਰ ਬੰਬ ਧਮਾਕੇ ਵਿਚ ਘੱਟੋ ਘੱਟ 15 ਲੋਕ ਮਾਰੇ ਗਏ ਹਨ। ਇਰਾਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲਾਵਰ ਨੇ ਵਿਸਫੋਟਕਾਂ ਨਾਲ ਲੱਦੀਕਾਰ ਨਾਲ ਕਈ ਵਾਹਨਾਂ ਨੂੰ ਟੱਕਰ ਮਾਰੀ ਅਤੇ ਫਿਰ ਧਮਾਕੇ ਨਾਲ ਖੁਦ ਨੂੰ ਉਡਾ ਲਿਆ। ਹਮਲੇ ਦੀ ਇਹ ਘਟਨਾ ਸ਼ੀਆ ਆਬਾਦੀ ਵਾਲੇ ਕਦੀਮੀਆ ਜ਼ਿਲ੍ਹੇ ਵਿਚ ਇਕ ਸੁਰੱਖਿਆ ਜਾਂਚ ਚੌਂਕੀ ਦੇ ਕੋਲ ਹੋਈ ਹੈ। ਇਸ ਧਮਾਕੇ ਤੋਂ ਬਾਅਦ ਮੋਰਟਰ ਵੀ ਦਾਗੇ ਗਏ। ਇਹ ਇਲਾਕਾ ਉਤਰੀ ਬਗਦਾਦ ਵਿਚ ਹੈ, ਜਿੱਥੇ ਸ਼ੀਆ ਫਿਰਕੇ ਦੀ ਇਕ ਪ੍ਰਮੁੱਖ ਮਸਜਿਦ ਹੈ। ਸੁਰੱਖਿਆ ਸੂਤਰਾਂ ਦਾ ਕਹਿਣਾ ਹੈ ਕਿ ਇਸ ਜਗ੍ਹਾ ਦੇ ਨਜ਼ਦੀਕ ਮੋਰਟਰ ਨਾਲ ਗੋਲੇ ਦਾਗੇ ਗਏ।



# ਉਡਦੇ ਜਹਾਜ਼ਾਂ ਵਿਚ ਸੌਣ ਵਾਲੇ ਪਾਇਲਟਾਂ ਲਈ ਹੁਣ ਨਵੇਂ ਨਿਯਮ ਕਰਨਗੇ ਸਖਤੀ

ਔਟਵਾ/ਡੇਲੀ ਬਿਊਰੋ/ਸਤੰਬਰ 18-2014- ਅੱਧ ਅਸਮਾਨੇ ਉਡਦੇ ਜਹਾਜ਼ਾਂ ਵਿਚ ਸੌਣ ਵਾਲੇ ਪਾਇਲਟਾਂ ਤੇ ਨਕੇਲ ਕਸਣ ਦੇ ਲਈ ਹੁਣ ਟਰਾਂਸਪੋਰਟ ਕੈਨੇਡਾ ਦੁਆਰਾ ਕੁਝ ਨਵੇਂ ਸਖਤ ਨਿਸਮ ਲਿਆਂਦੇ ਜਾ ਰਹੇ ਹਨ। ਇਹਨਾਂ ਪ੍ਰਸਤਾਵਿਤ ਨਿਯਮਾਂ ਦੇ ਤਹਿਤ ਹੁਣ ਉਹ ਪਾਇਲਟ ਜਿਹੜੇ ਕਾਕਪਿਟ ਵਿਚ ਸੌਂ ਜਾਂਦੇ ਹਨ, ਤੇ ਲਗਾਮ ਕਸੀ ਜਾਵੇਗੀ। ਹਾਲ ਹੀ ਵਿਚ ਆਈਆਂ ਕਈ ਸ਼ਿਕਾਇਤਾਂ ਤੋਂ ਬਾਅਦ ਟਰਾਂਸਪੋਰਟ ਕੈਨੇਡਾ ਨੇ ਆਪਣੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਫੈਸਲਾ ਕੀਤਾ ਸੀ।

ਇੱਧਰ ਕਨੇਡੀਅਨ ਕੈਰੀਅਰਜ਼ ਅਤੇ ਏਅਰ ਅਪਰੇਟਰਜ਼ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਨਵੇਂ ਨਿਯਮ ਹਵਾਈ ਆਵਾਜਾਈ ਪ੍ਰਭਾਵਿਤ ਕਰ ਸਕਦੇ ਹਨ ਅਤੇ ਪਾਇਲਟਾਂ ਦੀਆਂ ਮੁਸ਼ਕਿਲਾਂ ਵਧਾ ਸਕਦੇ ਹਨ। ਨਵੇਂ ਪ੍ਰਸਤਾਵਿਤ ਨਿਯਮਾਂ ਦੇ ਤਹਿਤ ਪਾਇਲਟਾਂ ਦੀ ਡਿਊਟੀ ਦਾ ਸਮਾਂ ਅਤੇ ਉਹਨਾਂ ਦੁਆਰਾ ਕੀਤੀ ਜਾਣ ਵਾਲੀ ਸੇਵਾ ਦਾ ਸਮਾਂ ਨਿਰਧਾਰਿਤ ਹੋਵੇਗਾ। ਨਵੇਂ ਨਿਯਮਾਂ ਤਹਿਤ ਇਹ ਨਿਰਧਾਰਿਤ ਹੋਵੇਗਾ ਕਿ ਇਕ ਪਾਇਲਟ ਕਿੰਨੀ ਦੇਰ ਹਵਾਈ ਜਹਾਜ਼ ਉਡਾ ਸਕਦਾ ਹੈ। ਉਹਨਾਂ ਦੇ ਲਈ ਆਰਾਮ ਦਾ ਸਮਾਂ ਲਾਜ਼ਮੀ ਹੋਵੇਗਾ ਅਤੇ ਰਾਤ ਦੇ ਵਕਤ ਜਹਾਜ਼ ਉਡਾਣ ਲਈ ਡਿਊਟੀ ਦੇ ਸਮੇਂ ਵਿਚ ਹੋਰ ਕਟੌਤੀ ਹੋਵੇਗੀ। ਕੈਨੇਡਾ ਦੀਆਂ ਹਵਾਈ ਆਵਾਜਾਈ ਕੰਪਨੀਆਂ ਦਾ ਕਹਿਣਾ ਹੈ ਕਿ ਸਾਡੇ ਕੋਲ ਮਾਹਿਰ ਪਾਇਲਟਾਂ ਦੀ ਪਹਿਲਾਂ ਹੀ ਬਹੁਤ ਘਾਟ ਹੈ, ਜੇਕਰ ਪਾਇਲਟਾਂ ਦੀ ਡਿਊਟੀ ਦਾ ਸਮਾਂ ਹੋਰ ਘਟਦਾ ਹੈ ਤਾਂ ਸਾਡੀਆਂ ਮੁਸ਼ਕਿਲਾਂ ਵੱਧ ਜਾਣਗੀਆਂ।



ਇੱਧਰ ਟਰਾਂਸਪੋਰਟ ਕੈਨੇਡਾ ਦਾ ਕਹਿਣਾ ਹੈ ਕਿ ਮੌਜੂਦਾ ਨਿਸਮ 18 ਸਾਲ ਪਹਿਲਾਂ ਬਣੇ ਸਨ। ਇਸ ਸਮੇਂ ਦਰਮਿਆਨ ਬਹੁਤ ਕੁਝ ਬਦਲ ਗਿਆ ਹੈ। ਹੁਣ ਜ਼ਿਆਦਾ ਮੁਕਾਬਲਾ ਹੈ, ਹਾਲਾਂਕਿ ਤਕਨੀਕ ਵੀ ਕਾਫੀ ਅੱਗੇ ਵੱਧ ਗਈ ਹੈ, ਪਰ ਮੁਕਾਬਲੇ ਦੇ ਕਾਰਨ ਪਾਇਲਟਾਂ ਦੀਆਂ ਮੁਸ਼ਕਿਲਾਂ ਵੀ ਕਾਫੀ ਵੱਧ ਗਈਆਂ ਹਨ।

ਦੂਜੇ ਪਾਸੇ ਏਅਰ ਲਾਈਨ ਪਾਇਲਟ ਐਸੋਸੀਏਸ਼ਨ ਜਿਸ ਦੇ 2600 ਦੇ ਕਰੀਬ ਪਾਇਲਟ ਮੈਂਬਰ ਹਨ, ਦਾ ਕਹਿਣਾ ਹੈ ਕਿ ਅਸੀਂ ਨਵੇਂ ਨਿਯਮਾਂ ਦੀ ਸ਼ਲਾਘਾ ਕਰਦੇ ਹਾਂ। ਇਸ ਐਸੋਸੀਏਸ਼ਨ ਦੇ ਮੈਂਬਰ ਏਅਰ ਟਰਾਂਸਟ, ਬੀਰਸਕਸਿਨ ਅਤੇ ਜੈਜ਼ ਐਵੀਏਸ਼ਨ ਆਦਿ ਵਿਚ ਕੰਮ ਕਰਦੇ ਹਨ। ਇਸ ਸੰਸਥਾ ਦੇ ਪ੍ਰਧਾਨ ਡੇਨ ਐਮਸ ਦਾ ਕਹਿਣਾ ਹੈ ਕਿ ਸਾਨੂੰ ਬਹੁਤ ਖੁਸ਼ੀ ਹੋਈ ਕਿ ਸਾਡਾ ਵੀ ਖਿਆਲ ਰੱਖਿਆ ਜਾ ਰਿਹਾ ਹੈ। ਸਾਨੂੰ ਸਰਕਾਰ ਦੀ ਮਦਦ ਦੀ ਲੋੜ ਹੈ, ਕਿਉਂਕਿ ਅੱਜ ਦੇ ਜ਼ਮਾਨੇ ਵਿਚ ਪਾਇਲਟਾਂ ਤੋਂ ਬਹੁਤ ਜ਼ਿਆਦਾ ਕੰਮ ਲਿਆ ਜਾਂਦਾ ਹੈ।

ਹੁਣ ਨਵੇਂ ਨਿਯਮਾਂ ਦੇ ਤਹਿਤ ਫਲਾਈਟ ਦਾ ਸਮਾਂ ਤਬਦੀਲ ਹੋਵੇਗਾ, ਇਕ ਪਾਇਲਟ ਕਿੰਨੀ ਦੇਰ ਜਹਾਜ਼ ਕੰਟਰੋਲ ਕਰੇਗਾ, ਇਹ ਵੀ ਤਹਿ ਹੋਵੇਗਾ। ਵਪਾਰਕ ਪਾਇਲਟਾਂ ਤੇ ਕੁਝ ਪਾਬੰਦੀਆਂ ਲੱਗਣਗੀਆਂ ਅਤੇ ਇਕ ਪਾਇਲਟ ਸਿਰਫ 13 ਘੰਟੇ ਹੀ ਕੰਮ ਕਰ ਸਕੇਗਾ। ਇਸ ਦੇ ਨਾਲ ਹੀ ਮਹੀਨੇ ਵਿਚ 28 ਦਿਨ ਅਤੇ 190 ਘੰਟੇ ਦੀ ਡਿਊਟੀ ਅਤੇ 112 ਘੰਟੇ ਦਾ ਫਲਾਈਂਗ ਟਾਈਮ ਹੋਵੇਗਾ। ਫਲਾਈਂਗ ਲਿਮਟ 1200 ਘੰਟੇ ਤੋਂ 1000 ਘੰਟੇ ਹੋਵੇਗੀ।







ਵਿਲੀਅਮ ਓਸਲਰ ਹੈਲਥ ਸਿਸਟਮ ਅਤੇ ਹਾਰਟ ਐਂਡ ਸਟਰੋਕ ਫਾਊਂਡੇਸ਼ਨ
ਦੇ ਈਕੁਈਟੀ ਆਫਿਸ (ਵਿਭਿੰਨਤਾ) ਅਤੇ ਕਾਰਡੀਓਵੈਸਕੁਲਰ ਪ੍ਰੋਗਰਾਮ

ਵੱਲੋਂ ਉਲੀਕਿਆ

# ਭਾਸ਼ਾ ਅਤੇ ਸਭਿਆਚਾਰ ਅਨੁਕੂਲ ਦਿਲ ਦੀ ਸਿਹਤ ਪਰਖਣ ਵਾਸਤੇ ਮੁਫ਼ਤ ਕਲੀਨਿਕ



**ਸਪਾਂਸਰ ਕਰਤਾ:**

- ਲੁਧਿਆਣਾ ਜ਼ਿਲੇ ਦੇ ਪਿੰਡ ਗੁੱਜਰਵਾਲ ਦਾ ਸਾਰਾ ਭਾਈਚਾਰਾ
- ਰਾਇਲ ਬੈਂਕ ਆਫ ਕਨੇਡਾ

**ਕੀ ਤੁਹਾਨੂੰ ਪਤਾ ਹੈ ਕਿ: ਇੰਡੀਆ ਅਤੇ ਆਸ ਪਾਸ ਦੇ ਦੇਸ਼ਾਂ ਦੇ ਲੋਕਾਂ ਨੂੰ ਦਿਲ ਦੀ ਬੀਮਾਰੀ ਜਾਂ ਸਟਰੋਕ ਹੋਣ ਦਾ ਖਤਰਾ ਬਾਕੀਆਂ ਦੇ ਮੁਕਾਬਲੇ 3 ਤੋਂ 5 ਗੁਣਾਂ ਜਿਆਦਾ ਹੁੰਦਾ ਹੈ ?
ਅਤੇ ਉਹ ਵੀ ਘੱਟ ਉਮਰ ਦੇ ਲੋਕਾਂ ਨੂੰ !!!**

## ਇਸ ਮੁਫ਼ਤ ਕਲੀਨਿਕ ਵਿੱਚ ਤੁਹਾਨੂੰ ਸਭ ਨੂੰ ਸੱਦਾ ਦਿੱਤਾ ਜਾਂਦਾ ਹੈ। ਆਓ ਅਤੇ:

- ਦਿਲ ਦੀ ਬੀਮਾਰੀ ਅਤੇ ਸਟਰੋਕ ਹੋਣ ਦੇ ਰਿਸਕ ਤੋਂ ਬਚਣ ਲਈ ਜਾਂਚ ਕਰਾਓ।
- ਯੋਗਤਾ ਪ੍ਰਾਪਤ ਨਰਸਾਂ ਦੁਆਰਾ ਆਪਦਾ ਬਲੱਡ ਪ੍ਰੈਸ਼ਰ ਅਤੇ ਕੋਲੈਸਟਰੋਲ ਚੈੱਕ ਕਰਵਾਓ।
- ਤੁਹਾਡੀ ਸਿਹਤ ਵਾਰੇ ਮੌਕੇ ਤੇ ਹਾਜ਼ਰ ਨਰਸ ਨਾਲ ਗੱਲ ਬਾਤ ਕੀਤੀ ਜਾ ਸਕਦੀ ਹੈ।

ਕਲੀਨਿਕ ਵਾਰੇ ਜਾਣਕਾਰੀ ਇਸ ਤਰ੍ਹਾਂ ਹੈ:

ਤਾਰੀਖ਼ ਅਤੇ ਸਮਾਂ: **ਐਤਵਾਰ 28 ਸਤੰਬਰ 2014**
**ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ**

ਜਗਾਹ: **ਉਨਟੇਰੀਓ ਖਾਲਸਾ ਦਰਬਾਰ**
**(ਡਿਕਸੀ ਗੁਰੂ ਘਰ ਵਿਖੇ)**

**ਰਜਿਸਟਰ ਕਰਨ ਵਾਸਤੇ ਸੰਪਰਕ ਕਰੋ:**
**ਸਿੰਮੀ ਗਰੇਵਾਲ: (647) 633-2669**
**ਰਾਜਿੰਦਰ ਗਰੇਵਾਲ: (905) 781-8125**
**ਈਮੇਲ: villageheartawareness@gmail.com**



ਮਹਿਮਾਨ ਸਪੀਕਰ
**ਡਾ: ਡੋਮਿਨਿਕ ਐਲ ਰੈਕੋ**
ਕਾਰਡੀਓਲੀਜੀ ਵਿਭਾਗ ਦੇ ਮੁਖੀ
ਅਤੇ ਦਿਲ ਦੀ ਸਿਹਤ ਦੇ ਮੈਡੀਕਲ ਡਾਇਰੈਕਟਰ
ਵਿਲੀਅਮ ਓਸਲਰ ਹੈਲਥ ਸਿਸਟਮ

GUJJARWAL DEVELOPMENT ASSOCIATION GDA GUJJARWAL

William Osler Health System

HEART & STROKE FOUNDATION

aujla Innovations Inc.

RBC

Ontario Khalsa Darbaar

# ਮੇਅਰ ਲਈ ਉਮੀਦਵਾਰ ਹਰਗੀ ਰੰਧਾਵਾ ਵੀ 29 ਸਤੰਬਰ ਦੀ ਬਹਿਸ ਵਿਚ ਸ਼ਾਮਲ ਹੋਣਗੇ

ਬਰੈਂਪਟਨ- ਪੰਜਾਬੀ ਮੂਲ ਦੇ ਬਰੈਂਪਟਨ ਦੇ ਮੇਅਰ ਦੀ ਚੋਣ ਲੜ ਰਹੇ ਉਮੀਦਵਾਰ ਹਰਗੀ ਰੰਧਾਵਾ ਵੀ ਬਰੈਂਪਟਨ ਬੋਰਡ ਆਫ ਟਰੇਡ ਦੀ 29 ਸਤੰਬਰ ਨੂੰ ਹੋਣ ਵਾਲੀ ਬਹਿਸ ਵਿਚ ਸ਼ਾਮਲ ਹੋਣਗੇ। ਇਹ ਬਹਿਸ ਸ਼ਾਮੀ ਕਰੀਬ 7 ਵਜੇ ਸ਼ਰੈਡੀਅਨ ਕਾਲਜ ਡਾਵਿਸ ਕੈਂਪਸ ਵਿਖੇ ਹੋਵੇਗੀ। ਇਸ ਬਹਿਸ ਵਿਚ ਲਿੰਡਾ ਜੈਫਰੀ, ਡੋਨ ਮੈਕਲੋਡ, ਜੌਹਨ ਸੈਂਡਰਸਨ ਅਤੇ ਜੈਕਲੀਨ ਬੈਲ ਵੀ ਸ਼ਾਮਲ ਹੋਣਗੇ।

ਰੰਧਾਵਾ ਨੇ ਦੱਸਿਆ ਕਿ ਇਸ ਬਹਿਸ ਦਰਮਿਆਨ ਅਸੀਂ ਆਪਣੇ ਵਿਚਾਰਾਂ ਨੂੰ ਵੋਟਰਾਂ ਦੇ ਮੂਹਰੇ ਵਧੀਆ ਤਰੀਕੇ ਨਾਲ ਰੱਖ ਸਕਦੇ ਹਾਂ। ਬਰੈਂਪਟਨ ਨੂੰ ਇਕ ਇਮਾਨਦਾਰ ਮੇਅਰ ਦੀ ਲੋੜ ਹੈ, ਜਿਹੜਾ ਇੱਥੋਂ ਦੇ ਮਿਹਨਤੀ ਲੋਕਾਂ ਦੀ ਕਮਾਈ ਵਿਚੋਂ ਆਏ ਟੈਕਸਾਂ ਦੀ ਯੋਗ ਵਰਤੋਂ ਕਰ ਸਕੇ ਅਤੇ ਸਾਡਾ ਵਿਚਾਰ ਹੈ ਕਿ ਇਸ ਬਹਿਸ ਦਰਮਿਆਨ ਅਜਿਹੇ ਮੁੱਦਿਆਂ ਤੇ ਸਿਹਤਮੰਦ ਚਰਚਾ ਹੋਵੇਗੀ। ਇਸ ਬਹਿਸ ਤੇ ਜ਼ਿਆਦਾ ਧਿਆਨ ਮੌਜੂਦਾ ਮੇਅਰ ਸੂਜ਼ਨ ਫੈਨਿਲ ਦੁਆਲਾਂ ਭਾਗ ਲੈਣ ਤੋਂ ਇਨਕਾਰ ਅਤੇ ਫਿਰ ਭਾਗ ਲੈਣ ਦੀ ਇੱਛਾ ਪ੍ਰਗਟ ਕਰਨ ਕਰਕੇ ਵੱਧ ਗਿਆ ਹੈ। ਫੈਨਿਲ ਨੇ ਰਸਮੀ ਤੌਰ ਤੇ ਸੱਦਾ ਸਵੀਕਾਰ ਕੀਤਾ ਸੀ ਪਰ ਫਿਰ ਕਿਹਾ ਕਿ ਉਹ ਉਦੋਂ ਤੱਕ ਭਾਗ ਨਹੀਂ ਲੈਣਗੇ, ਜਦੋਂ ਤੱਕ ਸਾਰੇ ਉਮੀਦਵਾਰਾਂ ਨੂੰ ਨਹੀਂ ਸੱਦਿਆ ਜਾਂਦਾ।

ਇਸ ਬਾਰੇ ਰੰਧਾਵਾ ਨੇ ਕਿਹਾ ਕਿ ਸਾਨੂੰ ਫੈਨਿਲ ਦੀ ਮਦਦ ਇਸ ਬਹਿਸ ਲਈ ਨਹੀਂ ਚਾਹੀਦੀ। ਰੰਧਾਵਾ 2010 ਵਿਚ ਵੀ ਚੋਣ ਲੜੇ ਸਨ ਅਤੇ 13 ਫੀਸਦੀ ਵੋਟ ਹਾਸਲ ਕੀਤੀ ਸੀ।

# ਕੱਲ੍ਹ ਤੋਂ ਚੋਣ ਮੁਹਿੰਮ ਆਰੰਭ ਕਰਨਗੇ ਡੱਗ ਫੋਰਡ



ਟਰਾਂਟੋ/ਡੇਲੀ ਬਿਊਰੋ/ਸਤੰਬਰ 18-2014- ਕਰੀਬ ਇਕ ਹਫਤੇ ਤੋਂ ਚਲਦੀ ਅੰਦਰਖਾਤੇ ਚੋਣ ਮੁਹਿੰਮ ਤੋਂ ਬਾਅਦ ਕੱਲ੍ਹ ਨੂੰ ਡੱਗ ਫੋਰਡ ਆਪਣੀ ਚੋਣ ਮੁਹਿੰਮ ਖ਼ੁੱਲ੍ਹ ਕੇ ਆਰੰਭ ਕਰਨਗੇ। ਫੋਰਡ ਨੇ ਅੱਜ ਮਾਊਂਟ ਸਿਨਾਈ ਹਸਪਤਾਲ ਦੇ ਬਾਹਰ ਐਲਾਨ ਕੀਤਾ ਕਿ ਉਹ ਆਪਣੇ ਭਰਾ ਦੀ ਕੀਮੋਥਰੈਪੀ ਵੱਲਦੇਖ ਰਹੇ ਹਨ ਅਤੇ ਕੱਲ੍ਹ ਤੋਂ ਮੁਹਿੰਮ ਆਰੰਭ ਕਰ ਦੇਣਗੇ। ਫੋਰਡ ਨੇ ਹਾਲ ਹੀ ਵਿਚ ਪੋਸਟਰ ਵੰਡ ਮੁਹਿੰਮ ਆਰੰਭ ਕੀਤੀ ਹੈ ਅਤੇ ਫੰਡ ਇਕੱਠਾ ਕਰਨਾ ਆਰੰਭ ਕੀਤਾ ਹੈ। ਇਸ ਸਬੰਧੀ ਇਕ ਪ੍ਰੋਗਰਾਮ ਵੀ ਵੁੱਡਬਿਨ ਬੈਂਕੁਇਟ ਅਤੇ ਕਨਵੈਨਸ਼ਨ ਹਾਲ ਵਿਚ ਅਗਲੇ ਵੀਰਵਾਰ ਨੂੰ ਰੱਖਿਆ ਗਿਆ ਹੈ।

# ਯੂਨਾਈਟਿਡ ਸਿੱਖਸ ਰਾਹਤ ਟੀਮ ਨੇ 15 ਕਸ਼ਮੀਰੀ ਪਿੰਡਾਂ ਨੂੰ ਅਡਾਪਟ ਕੀਤਾ











ਸ੍ਰੀਨਗਰ- ਕਸ਼ਮੀਰ ਵਿਚ ਆਏ ਭਿਆਨਕ ਹੜ੍ਹਾਂ ਦੇ ਕਾਰਨ ਹੋਏ ਭਾਰੀ ਨੁਕਸਾਨ ਦੀ ਭਰਪਾਈ ਅਤੇ ਲੋਕਾਂ ਦੀ ਮਦਦ ਕਰਨ ਲਈ ਯੂਨਾਈਟਿਡ ਸਿੱਖਸ ਕਸ਼ਮੀਰ ਰਿਲੀਫ ਟੀਮ ਨੇ ਕਸ਼ਮੀਰ ਦੇ 15 ਪਿੰਡਾਂ ਵਿਚ ਰਾਹਤ ਸਮਗਰੀ ਅਤੇ ਮਦਦ ਕਰਨ ਲਈ ਪਿੰਡਾਂ ਨੂੰ ਅਡਾਪਟ ਕੀਤਾ ਹੈ। ਵਰਣਨਯੋਗ ਹੈ ਕਿ ਕਸ਼ਮੀਰ ਵਿਚ ਹੜ੍ਹਾਂ ਦੇ ਕਾਰਨ ਸਿੱਖ ਭਾਈਚਾਰੇ ਦਾ ਵੀ ਭਾਰੀ ਨੁਕਸਾਨ ਹੋਇਆ ਹੈ।

ਬਹੁਤ ਸਾਰੇ ਸਿੱਖਾਂ ਦੇ ਮਕਾਨ ਡਿੱਗ ਗਏ ਹਨ ਅਤੇ 80 ਤੋਂ ਜ਼ਿਆਦਾ ਸਿੱਖ ਮਾਰੇ ਗਏ ਹਨ। ਕਸ਼ਮੀਰੀ ਸਿੱਖਾਂ ਦੀ ਮਦਦ ਲਈ ਵੀ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ। ਹਾਲ ਹੀ ਵਿਚ ਯੂਨਾਈਟਿਡ ਸਿੱਖਸ ਦੇ ਟੀਮ ਲੀਡਰ ਅਮਰਿਤਪਾਲਸਿੰਘ ਨੇ ਦੱਸਿਆ ਕਿ ਅਸੀਂ ਹੜ੍ਹ ਮਾਰੇ ਲੋਕਾਂ ਨੂੰ ਕੰਬਲ, ਭੋਜਨ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਪਹੁੰਚਾ ਰਹੇ ਹਨ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਸਿੰਘ ਸਭਾ ਬੈਂਕਾਕ ਵਿਖੇ ਸੰਗਤ ਨੇ ਕਸ਼ਮੀਰੀਆਂ ਦੀ ਮਦਦ ਲਈ ਕੰਬਲ ਭੇਂਟ ਕੀਤੇ ਹਨ ਅਤੇ ਮਾਇਆਵੀ ਇਕੱਠੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਜੇਕਰ ਨਿਸ਼ਾਨਾ ਮਿੱਥ ਕੇ ਪਿੰਡਾਂ ਅਤੇ ਸ਼ਹਿਰਾਂ ਦੀ ਮਦਦ ਕਰਨ ਤਾਂ ਕਸ਼ਮੀਰੀ ਜਲਦੀ ਇਸ ਤ੍ਰਾਸਦੀ ਵਿਚੋਂ ਨਿਕਲ ਸਕਦੇ ਹਨ।

# ਬਾਹਰਲੇ ਇਲਾਕਿਆਂ ਵਿਚੋਂ ਭੰਗ ਦੇ ਬੂਟੇ ਲੱਭਣ ਦੀ ਮੁਹਿੰਮ

ਕਾਰਨਵਾਲ, ਉਨਟਾਰੀਓ/ਡੇਲੀ ਬਿਊਰੋ/ਸਤੰਬਰ 18-2014- ਕਾਰਨਵਾਲ ਰੀਜਨਲ ਟਾਸਕ ਫੋਰਸ ਅਤੇ ਕਨੇਡੀਅਨ ਆਰਮਡ ਫੋਰਡ ਨੇ ਹਫਤਾ ਲੰਮੀ ਇਕ ਵਿਸ਼ੇਸ਼ ਮੁਹਿੰਮ ਦੇ ਤਹਿਤ ਬਾਹਰਵਾਰ ਦੇ ਇਲਾਕਿਆਂ ਵਿਚੋਂ ਭੰਗ ਦੇ ਬੂਟੇ ਲੱਭਣ ਦੀ ਮੁਹਿੰਮ ਆਰੰਭ ਕੀਤੀ ਹੈ। ਇਸ ਮੁਹਿੰਮ ਦੇ ਤਹਿਤ ਸਟਰਮਾਊਂਟ, ਡੰਡਾਸ ਅਤੇ ਗਲੈਨਗਰੀ ਇਲਾਕਿਆਂ ਵਿਚੋਂ ਭੰਗ ਦੇ ਬੂਟੇ ਹਟਾਏ ਗਏ। ਇਸ ਮੁਹਿੰਮ ਦਾ ਨਾਂ ਸਾਬੋਟ ਰੱਖਿਆ ਗਿਆ, ਜੋ ਪਹਿਲਾਂ ਵੀ ਚਲਾਇਆ ਜਾਂਦਾ ਰਿਹਾ ਹੈ।





ਇਸ ਮੁਹਿੰਮ ਦੇ ਇੰਚਾਰਜ ਇੰਸਪੈਕਟਰ ਟਿਮ ਕਿਮਪਨ ਨੇ ਦੱਸਿਆ ਕਿ ਸਾਡਾ ਪ੍ਰਮੁੱਖ ਟੀਚਾ ਕੈਨੇਡਾ ਨੂੰ ਨਸ਼ਿਆਂ ਤੋਂ ਮੁਕਤ ਕਰਨਾ ਹੈ। ਨਜਾਇਟ ਭੰਗ ਦੀ ਵਰਤਰੋਂ ਕਰਨ ਵਾਲਿਆਂ ਦੁਆਰਾ ਅਪਰਾਧਿਕ ਕਾਰਵਾਈਆਂ ਵੀ ਜ਼ਿਆਦਾ ਕਰਨ ਦੇ ਸ਼ੰਕੇ ਬਣੇ ਰਹਿੰਦੇ ਹਨ। ਇਸ ਨਾਲ ਸੰਗਠਿਤ ਅਪਰਾਧਾਂ ਨੂੰ ਵੀ ਹੱਲਾਸ਼ੇਰੀ ਮਿਲਦੀ ਹੈ। ਉਹਨਾਂ ਅਪਰੇਸ਼ਨ ਬਾਰੇ ਦੱਸਿਆ ਕਿ 1989 ਤੋਂ ਇਹ ਅਪਰੇਸ਼ਨ ਚਲਦਾ ਆ ਰਿਹਾ ਹੈ, ਜਿਸ ਦੇ ਤਹਿਤ ਹਵਾਈ ਜਹਾਜ਼ ਅਤੇ ਵੱਡੀ ਰੇਂਜ ਦੇ ਕੈਮਰੇ ਅਤੇ ਹੋਰ ਉਪਕਰਨਾਂ ਦੀ ਮਦਦ ਨਾਲ ਦੂਰ ਦੁਰਾਡੇ ਦਿਹਾਤੀ ਖੇਤਰਾਂ ਤੇ ਵੀ ਨਜ਼ਰ ਰੱਖੀ ਜਾਂਦੀ ਹੈ।

# ਓਨਟਾਰੀਓ ਸਿਖਸ ਐਂਡ ਗੁਰਦੁਆਰੀ ਕੌਂਸਲ ਜੰਮੂ-ਕਸ਼ਮੀਰ ਦੀ ਮਦਦ ਕਰੇਗੀ

ਟਰਾਂਟੋ— ਜੰਮੂ-ਕਸ਼ਮੀਰ ਵਿਚ ਆਏ ਭਿਆਨਕ ਹੜ੍ਹ ਕਾਰਨ ਉੱਥੇ ਰਹਿਣ ਵਾਲੇ ਲੋਕਾਂ ਦੇ ਜੀਵਨ ਹਲਾਤ ਬਹੁਤ ਹੀ ਬੱਤਰ ਹੋ ਗਏ ਹਨ। ਹੜ੍ਹ ਵਿਚ ਆਪਣਾ ਘਰ-ਬਾਰ ਗਵਾ ਚੁੱਕੇ ਲੋਕਾਂ ਲਈ ਇਕ ਵਕਤ ਦੇ ਖਾਣੇ ਦਾ ਇੰਤਜ਼ਾਮ ਕਰ ਸਕਣਾ ਵੀ ਮੁਸ਼ਕਿਲ ਹੋ ਗਿਆ ਹੈ। ਸਰਕਾਰ ਵੱਲੋਂ ਵੀ ਇਹਨਾਂ ਲੋਕਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਸ ਦੇ ਨਾਲ ਹੀ ਇਨ੍ਹਾਂ ਲੋਕਾਂ ਦੀ ਮਦਦ ਲਈ ਅੱਗੇ ਆਈ ਹੈ ਕੈਨੇਡਾ ਦੀ ਓਨਟਾਰੀਓ ਸਿਖਸ ਐਂਡ ਗੁਰਦੁਆਰਾ ਕੌਂਸਲ। ਓਨਟਾਰੀਓ ਸਿਖਸ ਐਂਡ ਗੁਰਦੁਆਰਾ ਕੌਂਸਲ (ਓ. ਐਸ. ਜੀ. ਸੀ.) ਵੱਲੋਂ ਆਪਣੇ ਗੁਰੂ ਨਾਨਕ ਰਿਲੀਫ਼ ਫੰਡ ਰਾਹੀਂ ਦੁਨੀਆ ਭਰ ਵਿਚ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾਂਦੀ ਰਹੀ ਹੈ। ਓ. ਐਸ. ਜੀ. ਸੀ. ਦੇ ਨਾਲ ਨਾਲ ਜੀ. ਟੀ. ਏ. ਦੀ ਸਮੂਹ ਸੰਗਤ, ਗੁਰਦੁਆਰਾ ਸਾਹਿਬ ਦੇ ਮੈਂਬਰਾਂ, ਪ੍ਰੈਸ ਆਰਗੇਨਾਈਜ਼ੇਸ਼ਨਾਂ (ਸਿੱਖ ਐਂਡ ਪੰਜਾਬੀ ਪ੍ਰੈਸ ਕਲੱਬਸ), ਅਤੇ ਸਾਊਥ ਏਸ਼ੀਅਨ ਮੀਡੀਆ ਆਊਟਲੈਟਸ ਵੱਲੋਂ ਕਈ ਵਾਰ ਇਕੱਠੇ ਹੋ ਕੇ ਪ੍ਰਭਾਵਿਤ ਇਲਾਕਿਆਂ ਨੂੰ ਰਾਹਤ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ ਉੱਤੇ ਵੀ ਓ. ਐਸ. ਜੀ. ਸੀ. ਵੱਲੋਂ ਸਮੂਹ ਸ਼ੁਭਚਿੰਤਕਾਂ ਅਤੇ ਸਾਥੀਆਂ ਨੂੰ ਜੰਮੂ ਵਿਚ ਫਸੇ ਆਪਣੇ ਭਰਾਵਾਂ ਅਤੇ ਭੈਣਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਗਈ ਹੈ। ਇਸ ਸੰਬੰਧਿਤ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਵੱਲੋਂ ਫੰਡ ਇਕੱਠਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਜਿਨ੍ਹਾਂ ਗੁਰਦੁਆਰਿਆਂ ਵਿਚ ਫੰਡ ਇਕੱਠਾ ਕੀਤਾ ਜਾ ਰਿਹਾ ਹੈ ਉਨ੍ਹਾਂ ਦੀ ਜਾਣਕਾਰੀ ਇਸ ਪ੍ਰਕਾਰ ਹੈ: ਸਕਾਰਬਰੋ, ਓਨਟਾਰੀਓ ਖਾਲਸਾ ਦਰਬਾਰ, ਸਿੱਖ ਹੈਰੀਟੇਜ ਸੈਂਟਰ, ਗੁਰੂ ਨਾਨਕ ਮਿਸ਼ਨ ਸੈਂਟਰ, ਰਿਵਾਲਦਾ ਰੋਡ ਗੁਰਦੁਆਰਾ, ਕਿਚਨਰ ਗੁਰਦੁਆਰਾ ਸਾਹਿਬ, ਅਤੇ ਗੁਰਦੁਆਰਾ ਸ਼ੈਡਗੜ੍ਹ, ਡੰਡਾਸ। ਦਾਨ ਦੇਣ ਵਾਲੇ ਸਾਥੀਆਂ ਵੱਲੋਂ ਉਪਰੋਕਤ ਕਿਸੇ ਵੀ ਗੁਰਦੁਆਰੇ ਵਿਚ ਕਿਸੇ ਵੀ ਵੇਲੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਵਿੱਚ ਕੁਦਰਤੀ ਆਫ਼ਤਾਂ ਕਰਕੇ 21 ਲੱਖ ਲੋਕ ਉਜੜੇ

ਸੰਯੁਕਤ ਰਾਸ਼ਟਰ- ਭਾਰਤ ਵਿੱਚ ਪਿਛਲੇ ਸਾਲ ਕੁਦਰਤੀ ਆਫਤਾਂ ਕਰਕੇ 21 ਲੱਖ 40 ਹਜ਼ਾਰ ਲੋਕਾਂ ਨੂੰ ਹਿਜਰਤ ਕਰਨੀ ਪਈ ਸੀ। ਸੰਯੁਕਤ ਰਾਸ਼ਟਰ ਸਮਰਪਿਤ ਰਿਪੋਰਟ 'ਚ ਇਹ ਖੁਲਾਸਾ ਹੋਇਆ ਹੈ। ਪਿਛਲੇ ਸਾਲ ਫਿਲਪੀਨਜ਼ ਅਤੇ ਚੀਨ ਤੋਂ ਬਾਅਦ ਭਾਰਤ 'ਚ ਸਭ ਤੋਂ ਵੱਧ ਲੋਕ ਦਰ ਬਦਰ ਹੋਏ ਸਨ।

ਆਫ਼ਤਾਂ ਦੌਰਾਨ ਉਜੜੇ ਲੋਕਾਂ ਬਾਰੇ ਆਲਮੀ ਅੰਦਾਜ਼ੇ ਬਾਰੇ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ 2013 'ਚ ਜ਼ਲਜ਼ਲੇ ਜਾਂ ਕੁਦਰਤੀ ਕਰੋਪੀਆਂ ਕਰਕੇ ਦੁਨੀਆਂ ਭਰ 'ਚ ਦੋ ਕਰੋੜ 20 ਲੱਖ ਲੋਕਾਂ ਨੂੰ ਉਜੜਨਾ ਪਿਆ ਸੀ।


ਸਾਲ 2008 ਤੋਂ 2013 ਵਿਚਕਾਰ ਭਾਰਤ 'ਚੋਂ ਕੁੱਲ ਦੋ ਕਰੋੜ 61 ਲੱਖ ਤੋਂ ਵੱਧ ਲੋਕ ਉਜੜੇ ਸਨ। ਪਹਿਲੇ ਨੰਬਰ 'ਤੇ ਚੀਨ 'ਚ ਪੰਜ ਕਰੋੜ 42 ਲੱਖ ਤੋਂ ਵੱਧ ਲੋਕਾਂ ਦਾ ਉਜਾੜਾ ਹੋਇਆ ਸੀ।

ਪਿਛਲੇ ਸਾਲ ਸੰਘਰਸ਼ਾਂ ਅਤੇ ਹਿੰਸਾ ਕਾਰਨ ਭਾਰਤ 'ਚ 64 ਹਜ਼ਾਰ ਲੋਕਾਂ ਦਾ ਉਜਾੜਾ ਹੋਇਆ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਏਸ਼ੀਆ 'ਚ 2008 ਤੋਂ 2013 ਦੌਰਾਨ 80.9 ਫ਼ੀਸਦੀ ਲੋਕਾਂ ਦਾ ਉਜਾੜਾ ਹੋਇਆ ਸੀ। ਇਸ ਖ਼ਿੱਤੇ 'ਚ ਪਿਛਲੇ ਸਾਲ 14 ਵੱਡੀਆਂ ਆਫ਼ਤਾਂ ਆਈਆਂ ਅਤੇ ਫਿਲਪੀਨਜ਼, ਚੀਨ, ਭਾਰਤ, ਬੰਗਲਾਦੇਸ਼ ਅਤੇ ਵੀਅਤਨਾਮ 'ਚ ਸਭ ਤੋਂ ਵੱਧ ਉਜਾੜਾ ਹੋਇਆ।

ਰਿਪੋਰਟ 'ਚ ਉਜਾੜੇ ਨੂੰ ਰੋਕਣ ਲਈ ਸੁਝਾਅ ਦਿੱਤੇ ਗਏ ਹਨ। ਆਫ਼ਤਾਂ ਦੇ ਖ਼ਤਰੇ ਨੂੰ ਘੱਟ ਕਰਨ ਅਤੇ ਮੌਸਮ ਦੇ ਬਦਲਦੇ ਸੁਭਾਅ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ ਹੈ। ਰਿਪੋਰਟ ਮੁਤਾਬਕ ਅਮੀਰ ਅਤੇ ਗਰੀਬ ਮੁਲਕਾਂ ਦੋਹਾਂ 'ਤੇ ਉਜਾੜੇ ਦਾ ਅਸਰ ਪਿਆ ਹੈ ਪਰ ਵਿਕਾਸਸ਼ੀਲ ਮੁਲਕਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ।

# 46 ਸਾਲ ਪਹਿਲਾਂ ਮਰਿਆ ਪੁੱਤ ਮਾਂ ਨੂੰ ਮਿਲਿਆ

ਨਿਊਫਾਊਂਡਲੈਂਡ— ਨਿਊਫਾਊਂਡਲੈਂਡ ਦੀ ਇਕ ਮਹਿਲਾ ਆਪਣੇ ਬੇਟੇ ਦੀ ਮੌਤ ਦੀ ਖ਼ਬਰ ਮਿਲਣ ਤੋਂ 46 ਸਾਲਾਂ ਉਸ ਨੂੰ ਮਿਲੀ। ਐਲਬਰਟਾ ਵਿਖੇ 19 ਸਾਲ ਦੀ ਉਮਰ ਵਿਚ ਇਕ ਬੇਟੇ ਨੂੰ ਜਨਮ ਦੇਣ ਵਾਲੀ ਮੈਰੀਅਨ ਕੁਮਬਸ ਨੇ ਦੱਸਿਆ ਕਿ ਇਹ ਉਸ ਲਈ ਆਪਣੇ ਬੱਚੇ ਦੀ ਪਰਵਰਿਸ਼ ਕਰਨਾ ਸਭ ਤੋਂ ਔਖਾ ਕੰਮ ਸੀ। ਬੱਚੇ ਨੂੰ ਸਹੀ ਪਰਵਰਿਸ਼ ਨਾ ਦੇ ਸਕਣ ਦੀ ਹਾਲਤ ਵਿਚ ਮੈਰੀਅਨ ਨੇ ਇਹ ਫੈਸਲਾ ਲਿਆ ਕਿ ਉਹ ਆਪਣੇ ਬੇਟੇ ਨੂੰ ਕਿਸੇ ਨੂੰ ਗੋਦ ਦੇ ਦੇਵੇਗੀ। ਉਹ ਆਪ ਵੀ ਇਸ ਫੈਸਲੇ ਤੋਂ ਦੁਖੀ ਸੀ ਪਰ ਉਸਦਾ ਇਹ ਦੁੱਖ ਹੋਰ ਵੀ ਵੱਧ ਗਿਆ ਜਦੋਂ ਉਸਨੂੰ ਇਹ ਸੂਚਨਾ ਦਿੱਤੀ ਗਈ ਕਿ ਉਸਦਾ ਬੇਟਾ



ਹੁਣ ਇਸ ਦੁਨੀਆ ਵਿਚ ਨਹੀਂ ਰਿਹਾ, ਜਦੋਂ ਕਿ ਇਹ ਗੱਲ ਝੂਠ ਸੀ। ਮੈਰੀਅਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ, "ਮੈਨੂੰ ਹਮੇਸ਼ਾ ਇਸ ਗੱਲ ਦਾ ਦੁੱਖ ਰਿਹਾ ਕਿ ਮੈਂ ਉਸ ਨੂੰ ਇਕ ਵਾਰ ਆਪਣੀਆਂ ਬਾਹਾਂ ਵਿਚ ਲੈ ਕਸਦੀ, ਉਸਦੀ ਇਕ ਤਸਵੀਰ ਖਿੱਚ ਸਕਦੀ।" ਲਗਭਗ ਪੰਜ ਦਹਾਕਿਆਂ ਤੱਕ ਇਸ ਦੁੱਖ ਨਾਲ ਜਿਊਣ ਵਾਲੀ ਮੈਰੀਅਨ ਨੂੰ ਅਸਲੀਅਤ ਦਾ ਪਤਾ ਉਦੋਂ ਲੱਗਿਆ, ਜਦੋਂ ਐਲਬਰਟਾ ਦੇ ਹਸਪਤਾਲ ਵੱਲੋਂ ਉਸ ਦੇ ਬੇਟੇ ਦੇ ਅਡਾਪਸ਼ਨ ਦਾ ਰਿਕਾਰਡ ਖੋਲ੍ਹਿਆ ਗਿਆ ਅਤੇ ਉਸਨੂੰ ਕਿਸੇ ਐਂਡ੍ਰਿਊ ਐਲਾਨ ਦੀ ਚਿੱਠੀ ਮਿਲੀ, ਜੋ ਆਪਣੀ ਮਾਂ ਦੀ ਭਾਲ ਵਿਚ ਸੀ। ਐਲਾਨ ਦਾ ਬਚਪਨ ਬਹੁਤ ਹੀ ਵਧੀਆ ਸੀ ਪਰ ਉਸਨੂੰ ਹਮੇਸ਼ਾ ਕਿਸੇ ਚੀਜ਼ ਦੀ ਘਾਟ ਮਹਿਸੂਸ ਹੁੰਦੀ ਸੀ। ਜਿਸ ਕਾਰਨ ਉਸਨੇ ਹੁਣ ਆਪਣੀ ਪਿਛੋਕੜ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਅਤੇ ਉਹ ਅਖੀਰ 46 ਸਾਲਾਂ ਬਾਅਦ ਆਪਣੀ ਜਨਮ ਦੇਣ ਵਾਲੀ ਮਾਂ ਤੱਕ ਪੁੱਜਣ ਵਿਚ ਕਾਮਯਾਬ ਰਿਹਾ।

Fearless Journlism
Punjabi Daily
.com

# ਪਾਕਿਸਤਾਨ ਨਾਲ ਹਿੰਦ ਦੀ ਹੋਣ ਵਾਲੀ ਗੱਲ ਨੂੰ ਰੱਦ ਕਰਨ ਲਈ ਹਿੰਦੂਤਵ ਹੁਕਮਰਾਨਾਂ ਵੱਲੋ ਘਸੀਆਂ-ਪਿੱਟੀਆਂ ਦਲੀਲਾਂ ਦਾ ਸਹਾਰਾ ਲਿਆ ਗਿਆ : ਮਾਨ

ਫ਼ਤਹਿਗੜ੍ਹ ਸਾਹਿਬ, 18 ਸਤੰਬਰ- "ਹਿੰਦੂ ਹੁਕਮਰਾਨਾਂ ਨੇ ਪਾਕਿਸਤਾਨ ਨਾਲ ਮਸਲੇ ਹੱਲ ਕਰਨ ਸੰਬੰਧੀ ਹੋਣ ਜਾ ਰਹੀ ਗੱਲਬਾਤ ਨੂੰ ਗੈਰ ਦਲੀਲ ਗੱਲਾਂ ਨੂੰ ਬਹਾਨਾਂ ਬਣਾਕੇ ਜੋ ਪਾਕਿਸਤਾਨ ਨਾਲ ਹੋਣ ਵਾਲੀ ਗੱਲ ਰੱਦ ਕੀਤੀ ਹੈ, ਇਹ ਹਿੰਦੂਤਵ ਹੁਕਮਰਾਨਾਂ ਦੀ ਮੰਦਭਾਵਨਾ ਭਰੀ ਸੋਚ ਦਾ ਹਿੱਸਾ ਹੈ । ਇਸ ਦੇ ਰੱਦ ਹੋਣ ਨਾਲ ਪੰਜਾਬ ਸੂਬੇ ਅਤੇ ਸਿੱਖ ਕੌਮ ਨੂੰ ਵੱਡਾ ਘਾਟਾ ਪਿਆ ਹੈ । ਕਿਉਂਕਿ ਇਸ ਗੱਲਬਾਤ ਨਾਲ ਦੋਵਾਂ ਗੁਆਢੀ ਮੁਲਕਾਂ ਦੀ ਦੁਸ਼ਮਣੀ ਨੂੰ ਖ਼ਤਮ ਕਰਨ ਵਿਚ ਵੱਡੀ ਮਦਦ ਮਿਲਣੀ ਸੀ । ਜਿਸ ਨਾਲ ਸਿੱਖ ਵਸੋ ਵਾਲੇ ਇਲਾਕਿਆ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਰਾਜਸਥਾਨ, ਜੰਮੂ-ਕਸ਼ਮੀਰ, ਲੇਹ-ਲਦਾਖ ਅਤੇ ਗੁਜਰਾਤ ਦੇ ਕੱਛ ਵਿਚ ਸਥਾਈ ਤੌਰ ਤੇ ਅਮਨ ਚੈਨ ਤੇ ਜਮਹੂਰੀਅਤ ਕਾਇਮ ਹੋਣ ਲਈ ਰਾਹ ਪੱਧਰਾਂ ਹੋਣਾ ਸੀ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਹਕੂਮਤ ਵੱਲੋ ਪਾਕਿਸਤਾਨ ਦੇ ਹਿੰਦ ਵਿਚ ਸਥਿਤ ਸਫ਼ੀਰ ਸ੍ਰੀ ਅਬਦੁੱਲ ਬਾਸ਼ਿਤ ਵੱਲੋ ਕਸ਼ਮੀਰ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਹੁਰੀਅਤ ਕਾਨਫਰੰਸ ਦੇ ਆਗੂਆਂ ਸ੍ਰੀ ਗਿਲਾਨੀ, ਸ੍ਰੀ ਮਲਿਕ ਆਦਿ ਨਾਲ ਪਾਕਿਸਤਾਨ ਸਫਾਰਤਖਾਨੇ ਵਿਚ ਬੁਲਾ ਕੇ ਗੱਲਬਾਤ ਕਰਨ ਦਾ ਬਹਾਨਾ ਬਣਾਕੇ ਗੱਲਬਾਤ ਨੂੰ ਰੱਦ ਕਰਨ ਲਈ ਹੋਏ ਅਮਲਾਂ ਨੂੰ ਅਤਿ ਅਫ਼ਸੋਸਨਾਕ ਅਤੇ ਸਾਜ਼ਸੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਜਦੋ ਵੀ ਅਜਿਹੇ ਵੱਡੇ ਮਸਲਿਆ ਤੇ ਕੌਮਾਂਤਰੀ ਤੌਰ ਤੇ ਗੱਲਬਾਤ ਹੋਣ ਜਾ ਰਹੀ ਹੁੰਦੀ ਹੈ ਤਾਂ ਸੰਬੰਧਤ ਧਿਰਾਂ ਨਾਲ ਗੱਲਬਾਤ ਕਰਕੇ ਉਹਨਾਂ ਦੇ ਵਿਚਾਰ ਲੈਣੇ ਜ਼ਾਇਜ ਵੀ ਹੁੰਦੇ ਹਨ ਅਤੇ ਅਜਿਹਾ ਕਰਨ ਨਾਲ ਸਾਰੇ ਪੱਖਾਂ ਤੋ ਗੱਲਬਾਤ ਮਜ਼ਬੂਤੀ ਨਾਲ ਸਿਰੇ ਚੜ੍ਹਨ ਦੀ ਸੰਭਾਵਨਾ ਵੀ ਬਣ ਜਾਂਦੀ ਹੈ । ਇਸ ਲਈ ਜੇਕਰ ਪਾਕਿਸਤਾਨ ਦੇ ਸਤਿਕਾਰਯੋਗ ਸਫ਼ੀਰ ਸ੍ਰੀ ਅਬਦੁੱਲ ਬਾਸ਼ਿਤ ਨੇ ਕਸ਼ਮੀਰੀ ਜੁਝਾਰੂਆਂ ਨਾਲ ਇਸ ਵਿਸੇ ਤੇ ਹਿੰਦ-ਪਾਕਿ ਗੱਲਬਾਤ ਹੋਣ ਤੇ ਵਿਚਾਰ ਵਟਾਂਦਰਾ ਕੀਤਾ ਹੈ ਤਾਂ ਇਸ ਵਿਚ ਉਹਨਾਂ ਨੇ ਕੁਝ ਵੀ ਗਲਤ ਨਹੀਂ ਕੀਤਾ । ਹਿੰਦੂਤਵ ਹੁਕਮਰਾਨ ਘਸੀਆਂ-ਪਿੱਟੀਆਂ ਦਲੀਲਾਂ ਦਾ ਸਹਾਰਾ ਲੈਕੇ ਪਾਕਿਸਤਾਨ ਸਫੀਰ ਤੇ ਪਾਕਿਸਤਾਨ ਹਕੂਮਤ ਦੀ ਵਿਰੋਧਤਾ ਕਰਕੇ ਆਪਣੀ ਹੀ ਅਕਲ ਦਾ ਜਨਾਜ਼ਾ ਕੱਢ ਰਹੇ ਹਨ ।



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਤਾਂ ਇਹ ਵੀ ਚਾਹਵੇਗੀ ਕਿ ਉਹ ਕਸ਼ਮੀਰੀ ਮੁਸਲਮਾਨਾਂ ਦੇ ਆਗੂਆਂ ਨਾਲ ਇਸ ਵਿਸ਼ੇ ਤੇ ਗੱਲਬਾਤ ਕਰਨ ਦੇ ਨਾਲ-ਨਾਲ ਸਿੱਖ ਕੌਮ ਦੀ ਲੀਡਰਸਿਪ ਨਾਲ ਵੀ ਪਾਕਿਸਤਾਨ ਅਤੇ ਹਿੰਦੂਤਵ ਹੁਕਮਰਾਨਾਂ ਨੂੰ ਗੱਲਬਾਤ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ । ਕਿਉਂਕਿ ਸਿੱਖ ਕੌਮ ਦੇ ਇਤਿਹਾਸਿਕ ਅਸਥਾਨਾਂ ਦੀ ਵੱਡੀ ਗਿਣਤੀ ਅੱਜ ਵੀ ਪਾਕਿਸਤਾਨ ਵਿਚ ਹੈ।

ਜਿਨ੍ਹਾਂ ਦੇ ਦਰਸ਼ਨ ਦਿਦਾਰਿਆ ਲਈ ਹਰ ਗੁਰਸਿੱਖ ਰੋਜ਼ਾਨਾ ਦੋਵੇ ਸਮੇਂ ਅਰਦਾਸ ਵੀ ਕਰਦਾ ਹੈ। ਇਸ ਵਿਸ਼ੇ ਤੇ ਕਸ਼ਮੀਰੀ ਮੁਸਲਮਾਨਾਂ ਦੇ ਨਾਲ-ਨਾਲ ਸਿੱਖ ਕੌਮ ਦੀ ਸੰਤੁਸ਼ਟੀ ਕਰਨੀ ਵੀ ਅਤਿ ਜ਼ਰੂਰੀ ਹੈ । ਉਹਨਾਂ ਕਿਹਾ ਕਿ ਜਦੋ ਚੀਨ ਲੇਹ-ਲਦਾਖ ਦੇ 500 ਮੀਟਰ ਦੇ ਅੰਦਰ ਘੁੱਸ ਆਈ ਹੈ ਤੇ ਹੁਣ ਹਿੰਦ ਹਕੂਮਤ ਚੀਨ ਦੇ ਪੈਰਾ ਵਿਚ ਬੈਠਕੇ, ਚੀਨੀ ਸਦਰ ਸ੍ਰੀ ਜਿਨਪਿੰਗ ਦੇ ਭਾਰਤ ਦੇ ਅੱਜ ਦੇ ਦੌਰੇ ਦਾ ਸਵਾਗਤ ਵੀ ਕਰ ਰਹੀ ਹੈ। ਜਦੋਕਿ ਹਿੰਦ ਦੇ ਵਜ਼ੀਰ-ਏ-ਆਜ਼ਮ ਹੁਣੇ ਇਹ ਆਪਣੇ ਜਪਾਨ ਦੇ ਦੌਰੇ ਦੌਰਾਨ ਵਿਸਥਾਰ ਦੀ ਵਿਰੋਧਤਾ ਕਰਕੇ ਅਤੇ ਵਿਕਾਸ ਦੀ ਗੱਲ ਕਰਕੇ ਚੀਨ ਨੂੰ ਚਿੜ੍ਹਾਉਣ ਦੇ ਅਮਲ ਵੀ ਕਰ ਚੁੱਕੇ ਹਨ ।

ਹੁਣ ਜਦੋ ਸ੍ਰੀ ਜਿਨਪਿੰਗ ਸਦਰ-ਏ-ਚੀਨ ਭਾਰਤ ਦੇ ਦੌਰੇ ਤੇ ਹਨ ਤਾਂ ਹਿੰਦ ਦੇ ਸਦਰ ਵੀਅਤਨਾਮ ਦੇ ਦੌਰੇ ਤੇ ਚਲੇ ਗਏ ਹਨ । ਜਦੋਕਿ ਵੀਅਤਨਾਮ ਅਤੇ ਚੀਨ ਦਾ ਇੱਟ-ਕੁੱਤੇ ਦਾ ਵੈਰ ਹੈ। ਫਿਰ ਅਜਿਹਾ ਅਮਲ ਕਰਕੇ ਹਿੰਦੂਤਵ ਹਕੂਮਤ ਕੀ ਸਾਬਤ ਕਰਨਾ ਚਾਹੁੰਦੀ ਹੈ ? ਇਸ ਬਾਰੇ ਇਥੋ ਦੇ ਵਿਦਵਾਨ ਸਾਨੂੰ ਜ਼ਰੂਰ ਚਾਨਣਾ ਪਾਉਣ ।

ਸ. ਮਾਨ ਨੇ ਸ੍ਰੀ ਮੋਦੀ ਦੇ ਅਮਰੀਕਾ ਦੇ ਹੋਣ ਜਾ ਰਹੇ ਦੌਰੇ ਉਤੇ ਆਪਣਾ ਤਿੱਖਾ ਪ੍ਰਤੀਕਰਮ ਜ਼ਾਹਰ ਕਰਦੇ ਹੋਏ ਕਿਹਾ ਕਿ ਜਿਸ ਮੋਦੀ ਨੇ 2002 ਵਿਚ 2000 ਮੁਸਲਮਾਨਾਂ ਦਾ ਸਾਜ਼ਸੀ ਢੰਗਾਂ ਨਾਲ ਕਤਲੇਆਮ ਕੀਤਾ ਹੋਵੇ ਅਤੇ 2013 ਵਿਚ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਹੋਏ 60 ਹਜ਼ਾਰ ਸਿੱਖ ਜ਼ਿੰਮੀਦਾਰਾਂ ਨੂੰ ਉਹਨਾਂ ਦੀ ਮਲਕੀਅਤ, ਕਾਨੂੰਨੀ ਤੌਰ ਤੇ ਮਾਲਕ ਹੋਣ ਵਾਲੀ ਜਮੀਨ ਤੋ ਜ਼ਬਰੀ ਵਾਂਝਾ ਕਰ ਦਿੱਤਾ ਗਿਆ ਹੋਵੇ, ਅਜਿਹੇ ਜ਼ਾਬਰ ਤੇ ਜਾਲਮ ਹੁਕਮਰਾਨ ਨੂੰ, ਓਬਾਮਾ ਹਕੂਮਤ ਅਮਰੀਕਾ ਸੱਦਕੇ ਦੁਨੀਆਂ ਨੂੰ, ਮੁਸਲਿਮ ਅਤੇ ਸਿੱਖ ਕੌਮ ਨੂੰ ਕਿਹੋ ਜਿਹਾ ਸੰਦੇਸ਼ ਦੇ ਰਹੀ ਹੈ ? ਉਹਨਾਂ ਅਮਰੀਕਾ ਨੂੰ ਅਤੇ ਨਾਟੋ ਮੁਲਕਾਂ ਨੂੰ ਸੁਬੋਧਿਤ ਹੁੰਦੇ ਹੋਏ ਕਿਹਾ ਕਿ "ਦਹਿਸਤਗਰਦੀ" ਭਾਵੇ ਸਰਕਾਰੀ ਹੋਵੇ, ਭਾਵੇ ਜਹਾਦੀ ਗਰੁੱਪਾ ਦੀ ਹੋਵੇ, ਉਸ ਦਹਿਸਤਗਰਦੀ ਨਾਲ ਨਿਪਟਦੇ ਹੋਏ ਇਕੋ ਜਿਹਾ ਪੈਮਾਨਾ/ਮਾਪਦੰਡ ਹੋਣਾ ਚਾਹੀਦਾ ਹੈ । ਇਸ ਲਈ ਮੋਦੀ ਵਰਗੇ ਜ਼ਾਬਰ ਅਤੇ ਜ਼ਾਲਮ ਹੁਕਮਰਾਨ ਨੇ ਹਿੰਦ ਵਿਚ ਮੁਸਲਿਮ ਅਤੇ ਸਿੱਖ ਕੌਮ ਦੇ ਖ਼ੂਨ ਨਾਲ ਹੱਥ ਰੰਗੇ ਹੋਣ, ਸਿੱਖਾਂ ਨਾਲ ਬੇਇਨਸਾਫ਼ੀਆਂ ਕੀਤੀਆਂ ਹੋਣ, ਅਜਿਹੇ ਮਨੁੱਖਤਾ ਦੇ ਕਾਤਲ ਨੂੰ ਓਬਾਮਾ ਹਕੂਮਤ ਸੱਦਾ ਦੇ ਕੇ ਬੁਲਾਵੇ ਅਤੇ ਉਸਦੇ ਸਵਾਗਤ ਦੀਆਂ ਸਰਕਾਰੀ ਪੱਧਰ ਤੇ ਤਿਆਰੀ ਕਰਨ ਦੇ ਅਮਲ ਗੈਰ ਇਖ-ਲਾਕੀ, ਗੈਰ ਕਾਨੂੰਨੀ, ਗੈਰ ਸਮਾਜਿਕ ਅਤੇ ਅਮਰੀਕਾ ਦੀ ਜਮਹੂਰੀਅਤ ਅਤੇ ਅਮਨਮਈ ਸੋਚ ਅਤੇ ਅਮਲਾਂ ਨੂੰ ਵੀ ਵੱਡਾ ਪ੍ਰਸ਼ਨ ਚਿੰਨ੍ਹ ਲਗਾਉਦੇ ਹਨ।

ਇਸ ਲਈ ਅਮਰੀਕਾ ਦੀ ਓਬਾਮਾ ਹਕੂਮਤ ਨੂੰ ਮੋਦੀ ਵਰਗੇ ਕਾਤਲ ਨੂੰ ਆਪਣੀ ਧਰਤੀ ਉਤੇ ਬੁਲਾਕੇ ਉਸਦਾ ਸਵਾਗਤ ਕਰਕੇ ਆਪਣੀ ਬਣੀ ਦੁਨੀਆਂ ਪੱਧਰ ਦੀ ਛਬੀ ਨੂੰ ਬਿਲਕੁਲ ਦਾਗੀ ਨਹੀਂ ਕਰਨਾ ਚਾਹੀਦਾ।

ਬਲਕਿ ਅਜਿਹੇ ਅਮਲ ਹੋਣੇ ਚਾਹੀਦੇ ਹਨ ਕਿ ਮੋਦੀ ਵਰਗਾ ਕਾਤਲ ਅਮਰੀਕਾ ਦੀ ਧਰਤੀ ਤੇ ਕਦੀ ਵੀ ਪੈਰ ਨਾ ਰੱਖ ਸਕੇ ।

# ਤਰਕਸੀਲ ਮੇਲੇ ਵਿੱਚ ਰੈਡ ਵਿੱਲੋ ਕਲੱਬ ਮੈਬਰਾਂ ਦੀ ਭਰਵੀ ਸਮੂਲੀਅਤ

ਤਰਕਸੀਲ ਸੁਸਾਇਟੀ ਤੇ ਇੰਡੋ ਕਨੇਡੀਅਨ ਵਰਕਰਜ ਐਸੋਸੀਏਸਨ ਵੱਲੋ ਮਨਾਏ ਗਏ ਨਾਟਕ ਮੇਲੇ ਵਿੱਚ ਇਸ ਕਲੱਬ ਦੇ ਮਰਦ ਤੇ ਇਸਤਰੀ ਮੈਬਰ ਭਾਰੀ ਗਿਣਤੀ ਵਿੱਚ ਸਾਮਲ ਹੋਏ। ਜਾਦੂਗਰ ਨੇ ਮੈਜਿਕ ਸੋਅ ਨਾਲ ਇਸ ਦਾ ਆਗਾਜ ਕੀਤਾ। ਉਸ ਨੇ ਜਾਦੂ ਦੇ ਟਰਿੱਕਾਂ ਦੇ ਨਾਲ ਨਾਲ ਇਹ ਵੀ ਸਮਝਾਇਆ ਕਿ ਜਾਦੂ ਕੋਈ ਗੈਬੀ ਸਕਤੀ ਨਹੀ ,ਕਿ ਇਹ ਸਿਰਫ ਤੇ ਸਿਰਫ ਹੱਥ ਦੀ ਸਫਾਈ ਦੀ ਕਲਾ ਹੈ।

ਇਸ ਉਪਰੰਤ ਕਾਮਾਗਾਟਾਮਾਰੂ ਕਾਂਡ ਨੂੰ ਦਰਸਾਉਦਾ ਨਾਟਕ ਪੇਸ ਕੀਤਾ ਗਿਆ। ਨਾਟਕ ਇਤਿਹਾਸਕ ਹੋਣ ਕਾਰਣ ਘਟਨਾਵਾਂ ਦੀ ਲੜੀ ਨੂੰ ਸੂਤਰਧਾਰਾਂ ਰਾਹੀ ਜੋੜਿਆ ਗਿਆ ਤੇ ਦਰਸਾਇਆ ਗਿਆ ਕਿ ਕੈਨੇਡਾ ਵਿੱਚ ਕਮਾਈ ਕਰਨ ਆਏ ਜਹਾਜ ਦੇ ਗੈਰਰਾਜਸੀ ਮੁਸਾਫਿਰ ਕਿਸ ਤਰ੍ਹਾਂ ਗਦਰੀ ਬਣਾ ਦਿੱਤੇ ਜਿਨਾਂ ਨੇ ਵਾਪਿਸ ਭਾਰਤ ਜਾ ਕੇ ਦੇਸ ਨੂੰ ਗੋਰਿਆਂ ਤੋ ਅਜਾਦ ਕਰਉਣ ਦੀ ਠਾਣ ਲਈ।ਇਸ ਨਾਟਕ ਦੇ ਲੇਖਕ ਤੇ ਮੁੱਖ ਪਾਤਰ ਹਰਕੇਸ ਚੌਧਰੀ ਬਾਬਾ ਗੁਰਦਿੱਤ ਸਿੰਘ ਦਾ ਰੋਲ ਨਿਭਾਅ ਕੇ ਕਲਾ ਦੀਆਂ ਸਿਖਰਾਂ ਨੂੰ ਛੂਹ ਗਿਆ।ਬਾਕੀ ਕਲਾਕਾਰਾਂ ਨੇ ਵੀ ਆਪਣੇ ਰੋਲ ਬਾਖੂਬੀ ਨਿਭਾਏ। ਭਗਤ ਸਿੰਘ ਬਾਰੇ ਕੋਰੋਗਰਾਫੀ ਕਮਾਲ ਦੀ ਪੇਸਕਾਰੀ ਸੀ।

ਅੰਤ ਵਿੱਚ ਵਹਿਮਾਂ ਭਰਮਾਂ ਤੇ ਗਲਤ ਸਮਾਜਿਕ ਕਦਰਾਂ ਕੀਮਤਾਂ ਨੂੰ ਤੋੜਦਾ ਨਾਟਕ 'ਭੂਤ'ਪੇਸ ਕੀਤਾ ਗਿਆ।ਇਸ ਵਿੱਸ ਦਰਸਾਇਆ ਗਿਆ ਕਿ ਪਰਿਵਾਰ ਦੀ ਨੌਜਵਾਨ ਧੀ ਆਪਣੀਆਂ ਸੱਧਰਾਂ ਪੂਰੀਆਂ ਨਾ ਹੋਣ ਕਾਰਣ ਰਾਤ ਨੂੰ ਜਾਗ ਖੁੱਲਣ ਤੇ ਭੂਤ ਭੂਤ ਕਹਿ ਕੇ ਰੌਲਾ ਪਾਉਦੀ ਹੈ। ਪਰਿਵਾਰਕ ਮੈਬਰ ਅਸਲੀਅਤ ਜਾਨਣ ਦੀ ਥਾਂ ਵਹਿਮਾਂ ਭਰਮਾਂ ਦਾ ਸਿਕਾਰ ਹੋ ਜਾਂਦੇ ਹਨ।ਸਮਾਜ ਵਿੱਚ ਵਿਚਰ ਰਹੇ ਲੋਟੂ ਸਾਧ,ਸੰਤ,ਪਾਖੰਡੀ ਬਾਬੇ ਉਹਨਾਂ ਦੀ ਖੂਬ ਲੁੱਟ ਕਰਦੇ ਹਨ। ਭਾਈ ਜੀ ਵੀ ਅਸਲੀਅਤ ਵੱਲ ਜਾਣ ਦੀ ਬਜਾਏ ਮੂਲ ਮੰਤਰ ਦਾ ਜਾਪ ਕਰਨ ਤੇ ਪਾਠ ਕਰਾਉਣ ਨੂੰ ਹੀ ਸਮੱਸਿਆ ਦਾ ਹੱਲ ਦੱਸਦੇ ਹਨ ਤੇ ਪਾਠ ਤੇ ਆਉਣ ਵਾਲਾ ਕਾਫੀ ਸਾਰਾ ਖਰਚਾ ਵੀ ਗਿਣਾ ਦਿੰਦੇ ਹਨ।ਅੰਤ ਵਿੱਚ ਪਰਿਵਾਰ ਦਾ ਤਰਕਸੀਲ ਦੋਸਤ ਲੜਕੀ ਨੂੰ ਵਿਸਵਾਸ ਵਿੱਚ ਲੈ ਕੇ ਸਾਰੇ ਮਾਮਲੇ ਨੂੰ ਬੜੀ ਸਿਆਣਪ ਨਾਲ ਨਜਿੱਠ ਲੈਦਾ ਹੈ।ਲੜਕੀ ਦੇ ਮਾਪੇ ਅਸਲੀਅਤ ਜਾਣ ਕੇ ਲੜਕੀ ਦੀ ਸਾਦੀ ਉਸ ਦੀ ਇੱਛਾ ਅਨੁਸਾਰ ਕਰ ਦਿੰਦੇ ਹਨ।ਕੁਲਵਿੰਦਰ ਖਹਿਰਾ ਦਾ ਲਿਖਿਆ ਇਹ ਨਾਟਕ ਦਰਸਕਾਂ ਦੇ ਮਨੋਰੰਜਨ ਕਰਨ ਦੇ ਨਾਲ ਨਾਲ ਉਹਨਾਂ ਦੀ ਚੇਤਨਾ ਨੂੰ ਵੀ ਝੰਜੋੜ ਗਿਆ।

ਇਸ ਪਰੋਗਰਾਮ ਦੌਰਾਨ ਡਾ: ਬਲਜਿੰਦਰ ਸੇਖੋ,ਜੋਗਿੰਦਰ ਗਰੇਵਾਲ ਤੇ ਕੁਲਵਿੰਦਰ ਖਹਿਰਾ ਨੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ।ਅੰਤ ਵਿੱਚ ਹਰਕੇਸ ਚੌਧਰੀ ਤੇ ਬਾਕੀ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ।

ਨਾਂਟਕ ਮੇਲੇ ਦੇ ਅੰਤ ਵਿੱਚ ਕਲੱਬ ਮੈਬਰਾਂ ਨੇ ਇਸ ਪਰੋਗਰਾਮ ਦੀ ਖੂਬ ਪ੍ਰਸੰਸਾ ਕੀਤੀ ਤੇ ਭਵਿੱਖ ਵਿੱਚ ਅਜਿਹੇ ਸਮਾਗਮਾਂ ਵਿੱਚ ਸਾਮਲ ਹੋਣ ਲਈ ਉਤਸਾਹ ਪ੍ਰਗਟ ਕੀਤਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਚੱਲੀਆਂ ਗੋਲੀਆਂ

ਅੰਮ੍ਰਿਤਸਰ - ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਚੱਲ ਰਹੇ ਯੂਥ ਫੈਸਟੀਵਲ ਨੂੰ ਵੇਖਣ ਆਏ ਅੱਜ ਦੋ ਧੜੇ ਆਹਮੋ-ਸਾਹਮਣੇ ਹੋ ਗਏ, ਜਿਸ ਦੌਰਾਨ ਹੱਥੋ-ਪਾਈ ਉਪਰੰਤ ਇਕ ਧੜੇ ਨੇ ਮਾਰਨ ਦੀ ਨੀਅਤ ਨਾਲ ਦੂਜੇ 'ਤੇ ਗੋਲੀਆਂ ਚਲਾਈਆਂ। ਜਦੋਂ ਤਕ ਪੁਲਸ ਅਤੇ ਯੂਨੀਵਰਸਿਟੀ ਦੇ ਸੁਰੱਖਿਆ ਕਰਮਚਾਰੀ ਘਟਨਾ ਵਾਲੀ ਥਾਂ 'ਤੇ ਪੁੱਜਦੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਥਾਣਾ ਕੰਟੋਨਮੈਂਟ ਦੀ ਪੁਲਸ ਨੇ ਗੁਰਬੀਰ ਸਿੰਘ ਨਿਵਾਸੀ ਭਕਨਾ, ਬਿੱਕਾ ਤੇ ਉਸਦੇ 3 ਅਣਪਛਾਤੇ ਸਾਥੀਆਂ ਵਿਰੁੱਧ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕਰਕੇ ਫਰਾਰ ਹੋਏ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਛਾਪਾਮਾਰੀ ਸ਼ੁਰੂ ਕਰ ਦਿੱਤੀ ਹੈ।

# ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਦਾ ਮੁਖੀ ਰਤਨਦੀਪ ਸਿੰਘ ਗ੍ਰਿਫਤਾਰ

ਚੰਡੀਗੜ੍ਹ- ਪੰਜਾਬ ਪੁਲਸ ਵਲੋਂ ਖਾੜਕੂ ਰਤਨਦੀਪ ਸਿੰਘ, ਜੋ ਕਿ ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ (ਬੀ. ਟੀ. ਐੱਫ. ਕੇ) ਦਾ ਮੁਖੀ ਅਤੇ ਪਾਕਿਸਤਾਨ ਵਿਚ ਰਹਿ ਰਿਹਾ ਸੀ, ਨੂੰ ਯੂ. ਪੀ. ਦੇ ਗੋਰਖਪੁਰ ਸ਼ਹਿਰ ਦੇ ਬਾਹਰੋਂ ਕੱਲ 17 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲ ਦੇ ਇੰਸਪੈਕਟਰ ਹਰਵਿੰਦਰ ਪਾਲ ਸਿੰਘ ਅਤੇ ਬਲਬੀਰ ਸਿੰਘ ਦੀ ਅਗਵਾਈ ਹੇਠਲੀ ਪੁਲਸ ਦੀ 19 ਮੈਂਬਰੀ ਟੀਮ ਨੂੰ 14 ਸਤੰਬਰ ਨੂੰ ਰਵਾਨਾ ਕੀਤਾ ਗਿਆ ਸੀ ਅਤੇ ਉਹ 15 ਸਤੰਬਰ ਤੋਂ ਗੋਰਖਪੁਰ 'ਚ ਰਤਨਦੀਪ ਦੀ ਭਾਲ 'ਚ ਸੀ। ਇਸ ਸਬੰਧੀ ਸਥਾਨਕ ਯੂ. ਪੀ. ਪੁਲਸ ਨਾਲ ਲੋੜੀਂਦਾ ਤਾਲਮੇਲ ਕੀਤਾ ਗਿਆ ਸੀ ਅਤੇ ਗ੍ਰਿਫਤਾਰੀ ਸਮੇਂ ਰਤਨਦੀਪ ਸਿੰਘ ਕੋਲੋਂ ਇਕ ਪਾਕਿ-ਸਤਾਨੀ ਪਾਸਪੋਰਟ ਅਤੇ ਪਾਕਿ ਸ਼ਨ-ਾਖ਼ਤੀ ਕਾਰਡ ਜੋ ਕਿ ਹੁਸੈਨ ਸ਼ੇਖ ਜਾਹਿਦ ਪੁੱਤਰ ਸ਼ੇਖ ਨਸੀਰੂਦੀਨ ਦੇ ਨਾਮ ਨਾਲ ਸੀ, ਤੋਂ ਇਲਾਵਾ 300 ਰੁਪਏ ਦੀ ਪਾਕਿਸਤਾਨੀ ਅਤੇ 11,000 ਰੁਪਏ ਦੀ ਭਾਰਤੀ ਕਰੰਸੀ ਬਰਾਮਦ ਕੀਤੀ ਗਈ ਹੈ।



ਇਹ ਜਾਣਕਾਰੀ ਦਿੰਦਿਆਂ ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲ ਦੇ ਏ. ਆਈ. ਜੀ. ਮਨਮੋਹਨ ਸਿੰਘ ਨੇ ਦੱਸਿਆ ਕਿ ਸ਼ੁਰੂ 'ਚ ਰਤਨਦੀਪ ਖਾਲਿਸਤਾਨ ਕਮਾਂਡੋ ਫੋਰਸ ਦਾ ਮੁੱਖ ਕਾਰਕੁੰਨ ਸੀ ਅਤੇ ਫਿਰ ਉਸਨੇ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਹੱਥ ਮਿਲਾ ਲਏ ਸਨ ਅਤੇ ਇਸ ਜਥੇਬੰਦੀ ਦੀਆਂ ਅੱਤਵਾਦੀ ਕਾਰਵਾਈਆਂ ਲਈ ਮੁਖੀ ਬਣ ਗਿਆ ਸੀ। ਉਨ੍ਹਾਂ ਦੱਸਿਆ ਕਿ ਜੁਲਾਈ 2014 ਵਿਚ ਪਾਕਿ ਖੁਫੀਆ ਏਜੰਸੀ ਆਈ. ਐੱਸ. ਆਈ ਵਲੋਂ ਬੀ. ਟੀ. ਐੱਫ. ਕੇ ਵਜੋਂ ਉਸਨੂੰ ਸੁਰਜੀਤ ਕੀਤਾ ਗਿਆ ਸੀ ਅਤੇ ਉਸ ਸਮੇਂ ਆਈ. ਐੱਸ. ਆਈ ਦੇ ਕਰਨਲ ਸ਼ਾਹਬਾਜ ਮਿਨਹਾਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਵਧਾਵਾ ਸਿੰਘ ਅਤੇ ਰਤਨਦੀਪ ਸਿੰਘ ਨਾਲ ਸਾਂਝੀ ਮੀਟਿੰਗ ਕਰਕੇ ਰਤਨਦੀਪ ਨੂੰ ਬੀ. ਟੀ. ਐੱਫ. ਕੇ ਦਾ ਮੁਖੀ ਬਣਾਇਆ ਸੀ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਰਤਨਦੀਪ ਸਿੰਘ ਭਾਰਤ ਵਿਚ ਹਿੰਸਕ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਦਾਖਲ ਹੋਇਆ ਤਾਂ ਜੋ ਉਸ ਦੀ ਜਥੇਬੰਦੀ ਦੀ ਸੁਰਜੀਤੀ ਕੇਂਦਰ ਬਿੰਦੂ ਬਣੇ। ਆਈ. ਐੱਸ. ਆਈ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ ਅਤੇ ਇਹ ਪੰਜਾਬ ਅੰਦਰ ਅੱਤਵਾਦੀ ਕਾਰਵਾਈਆਂ ਲਈ ਬੇਹੱਦ ਢੁੱਕਵਾਂ ਸਮਾਂ ਹੈ।

# ਸਾਕਸ਼ੀ ਧੋਨੀ ਦੀ ਗੋਦ 'ਚ ਬੱਚਾ!

ਹੈਦਰਾਬਾਦ—ਭਾਰਤੀ ਕ੍ਰਿਕਟ ਟੀਮ ਦੇ ਕੈਪਟਨ ਕੂਲ ਮਹਿੰਦਰ ਸਿੰਘ ਧੋਨੀ ਦੇ ਫੈਨਜ਼ ਅਤੇ ਸਾਰਾ ਦੇਸ਼ ਤਾਂ ਇਹ ਕਾਮਨਾ ਕਰ ਹੀ ਰਿਹਾ ਹੈ ਕਿ ਉਨ੍ਹਾਂ ਦੇ ਪਰਿਵਾਰ ਵਿਚ ਛੇਤੀ ਹੀ ਇਕ ਨੰਨ੍ਹਾ ਮਹਿਮਾਨ ਆ ਜਾਵੇ ਪਰ ਇਸ ਤਸਵੀਰ ਨੂੰ ਦੇਖ ਕੇ ਸਾਰਿਆਂ ਦੀ ਰੂਹ ਖੁਸ਼ ਹੋ ਗਈ, ਜਿਸ ਵਿਚ ਧੋਨੀ ਦੀ ਪਤਨੀ ਸਾਕਸ਼ੀ ਦੀ ਗੋਦ ਵਿਚ ਇਕ ਪਿਆਰਾ ਜਿਹਾ ਬੱਚਾ ਦਿਖਾਈ ਦੇ ਰਿਹਾ ਹੈ। ਸਾਕਸ਼ੀ ਆਪਣੇ ਪਤੀ ਅਤੇ ਚੇਨਈ ਸੁਪਰਕਿੰਗਸ ਨੂੰ ਚੀਅਰ ਕਰਨ ਲਈ ਆਈ ਸੀ। ਇਸ ਦੌਰਾਨ ਉਸ ਦੀ ਗੋਦ ਵਿਚ ਇਕ ਬੱਚਾ ਵੀ ਬੈਠਾ ਸੀ।

ਮੈਦਾਨ ਵਿਚ ਬੈਠੇ ਹਰ ਵਿਅਕਤੀ ਦੀ ਨਜ਼ਰ ਇਕ ਵਾਰ ਸਾਕਸ਼ੀ ਦੀ ਗੋਦ ਵਿਚ ਬੈਠੇ ਉਸ ਬੱਚੇ 'ਤੇ ਜ਼ਰੂਰ ਗਈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਕੈਪਟਨ ਕੂਲ ਤੋਂ ਜਦੋਂ ਇਕ ਇੰਟਰਵਿਊ ਦੌਰਾਨ ਪੁੱਛਿਆ ਗਿਆ ਕਿ ਉਹ ਆਪਣਾ ਬੱਚਾ ਕਦੋਂ ਪਲਾਨ ਕਰ ਰਹੇ ਹਨ ਤਾਂ ਧੋਨੀ ਨੇ ਹੱਸਦੇ ਹੋਏ ਕਿਹਾ ਸੀ ਕਿ ਇਸ ਲਈ ਉਹ ਅਭਿਆਸ ਕਰ ਰਹੇ ਹਨ।



# I Will Sell Your Property in 30 Days or NO Commission Charged

RE/MAX GOLD REALTY Brokerage
www.homeinbrampton.ca
Off:905-673-8500

Kanwaljit Channe
Sales Rep.
Cell:416-859-8686
Email:kanwalchanne@yahoo.ca



**Bovaird/Richvale** — (((Wow))) Absolutely Stunning 3 Bedrooms House In The Heart Of Brampton ,Gleaming Hardwood Floor On The Main Floor ,New Roof,New Garage Doors,Seconds To Shopping,Public Transit,Schools,Parks Etc,Ideal For First Time Buyerand Small Family,Seeing Is Believing House Is Spotless Shows 10+++ Show With Confidence!!! Bring Offers!! **$369,000**

**Airport/Sandalwood** — --View Mutimedia Tour -- Pride Of Ownership! **3 Bedroom Green Park Built Home **On A Premium Fully Fenced Lot Backing On To Ravine **Pot Lights In Foyer And Living **Convenient Location **Close To Park, School, Plaza And Hospital **Master Boasting A Large Walk/In Closet And A 4 Piece Ensuite Washroom **Don't Miss!!! **$389,900**

**Fernforest/Sandalwood** — Beautiful Well Kept 4 Bedroom Detached Home With One Bedroom Basement Apartment And Legal Separate Side Door To The Basement ,Double Door Entrance To Home ,Main Floor Hardwood Flooring ,Hardwood Stairs ,Beautiful Covered Deck And Bigger Backyard For Summer Entertainment And Much More ((( Virtual Tour )) **$469,000**

**Bovaird/Fletcher's** — Beautiful And Well Kept Detached With 2 Bedroom Finished Basement With Separate Entrance Plus Kitchen /Washroom )))))) Master With Oval Tub And Standing Shower, All Hardwood Flooring And Back To Plaza And L.A Fitness Centre .Seeing Is Believing Close To Schools, Parks ,Plaza, Go Station And Public Transit **$472,000**

**Dixie/Father Tobin** — Immaculate Home, Approx 1800 Sqft, 4 Bedrooms Converted To 3 Spacious Bedrooms,Gleaming Strip Hardwood Floors On Main Floor & 2nd Floor Hallway, Stained Oak Staircase, Family Rm W/Gas Fireplace, Beautiful Kitchen With Tall Cabinets & Stainless Steel Appliances, Spacious Master W/5Pc Ensuite & His/Her Walkin Closet,2nd Bedroom With Semi Ensuite, Excellent For 1st Time Buyers. **$479,900**

**Brydon/Airport** — Great Value For Your Money!! Mattamy Built 4+2 Bedrooms Detached House In Vales Of Castlemore **Fully Finished Bsmt W/Separate Entrance, Kitchen & Bath **Updated House With Pot Lights **Wooden Deck **Huge Drive Way & No Side Walk **Great Floor Plan **No Carpet In The House!!! **$559,900**

**Mountainash/Eagle Plains** — ***Wow*** Absolutely Stunning 4 Bedrooms ,3 Full Washroom On 2nd Level,***Finished Basement***2 Bedrooms In Basement.Rentable Basement!!!.Solid Oak Staircase,Metal Rail Pickets,Dark Hardwood,On A Child Safe Location ,Steps Away From Schools,Colleges Public Transit And Hwys ,Dbl Doors Entry,Must See House Dont Miss It Wont Last Long!!!! Shows 10+++++++ **$569,000**

**Sandalwood/Fernforest** — Chk Multimedia Virtual Tour. Open House 2-4 Pm Saturday.4 Bedroom Detached With 2 Bedroom Rentable Basement With Separate Entrance 2nd Kitchen And Full Bath. Main Floor Office/Library.Brand New Kitchen On Main Floor. New Berber Carpet Flooring On Stairs And 2nd Floor. New Laminate Flooring On Main Floor. New Roof Shingles. Upgraded Bathrooms. **$569,900**

**Torbram Rd/Fathertobin** — ((((Wow))) Absoluetly A Show Stopper, 4 Bedrooms,3 Full Washrooms On The 2nd Level,$$$million Dollar View$$$ Ravine Lot,Close To Banks,Schools,Transit, Move In Ready Condition,Sep Entrance To B/Ment,9 Feet Ceiling On M/Floor,2 Ensuites And 1 Jack/Jill Ensuite,Fully Fenced Backyard,Breathtaking Views,Excellent Layouts!!!Bring Offers!!! **$579,000**

**Castlemore/ Mcvean** — This Gorgeous Home In After Sought Area Is Close To All Amenities Incl: 3 Schools, Premier Corner Lot, Prof.Landscaped, Formal L/R, D/R, Eat-In Kit, W/O To 12X20 Deck To Entertain, Door To Garage, Main Flr Laundry, Mst W/5Pc Ensuite & W/I Clst. Huge Bdrms, Plus Computer Loft (Pot For 5th Bdrm) Lots Of Brightness, All Bdrms Are Phone & Hardwire Cable (5Cat) Network Ready. Bsmt Prof.Fin With Sep.Entrance, Bsmt Is Div To Rent And Personal Use Great. **$639,000**

**Mclaughlin/Derry** — Wow! Absolutely Stunning Dream Home In Most Desirable Meadowvale Village. Rare 5 Bedrooms + 2 Bedroom Finished Bsmt.Stamped Concrete Driveway & Patio.The Features Never End In This Decorator Designed Home.9 Ft Ceiling Master Bedroom Has His/Her Closets. Excellent Location For Schools, Parks, 401, 407, Plazas, Kitchen Is Bright And Sunny,Too Many Upgrades To List,Have Thave To Come & See Them All! **$699,900**

**Queen St / Mississauga Rd** — Wow! Absolutley Stunning, Approx 4000 Sq Ft Of Living Space, With 4 Bedrooms And 4 Washrooms On Prestigous Credit Ridge Area. Steps Away From 4 Acres Pond. Absolute Show Stopper. Hardwood Floor Throughout The Main Floor, Desiger Back Splash And Brand New Appliances. All Bedrooms With Walk-In Closets, Close To Schools, Park, And Hwys! All Detached Properties In The Area. Basement Is Partially Furnished By The Builder. Bsmt Has A Separate Entrance From Garage. **$759,000**

# N. S. PAINTING & WALLPAPER

Commercial & Residential Painting

- Residential
- Commercial
- Interior & Exterior
- Industrial
- Spray Painting
- Stucco Work
- Free Estimate

Inderjit Singh Brar 647-283-4326
Amrik S. Brar 647-274-9697

We Paint Homes For Major Home Builders
Regal Crest, Springtown,National Homes, Royal Park, Royal Pine & Arista Homes

Long Years of Experience

ਅਸੀਂ ਵੱਡੇ ਬਿਲਡਰਾਂ ਦੇ ਬਣਾਏ ਨਵੇਂ ਘਰ ਪੇਂਟ ਕਰਦੇ ਹਾਂ

Amrik Brar : 647.274.9697
www.nspainting.co inderjitbrar73@hotmail.com

# SKYWAY TRAVEL

ACTA TICO Travel Industry Council of Ontario
www.skywaytravel.ca
Email:skywaytravel@hotmail.com

ਆਪਣੇ ਹਵਾਈ ਸਫ਼ਰ ਨੂੰ ਸੁਹਾਵਣਾ ਬਣਾਉਣ ਲਈ ਸਾਨੂੰ ਕਾਲ ਕਰੋ।

416-745-6161
Tollfree: 1-866-474-1420 Fax:416-745-9529
1530 Albion Rd. #10-A, Toronto

# Traffic Tickets

Municipal Bylaws * Criminal Summary
Landlord & Tenant * Small Claims
Traffic Court Advocates.com
ਟਰੈਫਿਕ ਟਿਕਟ ਮਾਹਿਰ
Tel: 905-790-5656
Cell: 416-716-3461
J. Kaloty
Commissioner of Affidavits
7920 Hurontario St,Unit# 43, Brampton ON, L6Y 0P7

# AKAL OPTICAL

WE DO EYE EXAMS
www.akaloptical.com

| | | |
|---|---|---|
| Toronto 416-745-7242 | Brampton Shoppers World 905-459-9978 | |
| Brampton 905-792-7242 | Milton 905-876-0556 | Gore 905-794-8200 |
| Markham 905-294-4900 | Mississauga 905-607-7000 | Orangeville 519-941-0188 |

# MANN LAW FIRM

- Real Estate Law
- Commercial Law
- Civil Litigation
- Wills & Estates
- Immigration Law
- Notarizations/Declarations
- Business Law
- Family Law
- Power of Attorney
- Affidavits

Maninder S. Mann B.A. (Hons), LL.B
• BARRISTER • SOLICITOR • NOTARY
2130 North Park Drive, Suite 246, Brampton, ON, L6S 0C9
T: 905-799-9333



# Century 21

Leader Realty Ltd., Brokerage

*Honest, Professional & Dedicated services for all your real estate needs.*

ਤੁਹਾਡੀਆਂ ਸਾਰੀਆਂ ਰੀਅਲ ਅਸਟੇਟ ਦੀਆਂ ਜ਼ਰੂਰਤਾਂ ਲਈ

Sarbjit S. Sra
M.A. (Sales Person)
647-295-5400

www.BaljinderSra.com
www.SarbjitSra.com

Baljinder S. Sra
MA, MCRP (Broker)
416-419-9697






## Hwy 410/Hurontario

Great Opportunity To Be A Part Of Caledon's Desireable Valleywood Community. Just Under 3000 Sq. Ft. Perfect Layout And Spacious Rooms With Main Floor Den, Large Eat In Kitchen With Walkout To Backyard. Fully Landscaped And Stamped Concrete Throughout. Large Master W/ Sitting Room, Ensuite And His/Hers Walk In Closets, Main Floor Laundry With Walk Out To Double Car Garage. Quality Finishes And Neutral Decor.Four Cars Fits In Long Driveway Plus Two In Garage..

Price: $580,000



## Bovaird & Creditview

Absolutely Stunning Home In Mount Pleasant Village, Spotless, Nice & Clean, Mattamy Built In 2011, Less Than 2 Years, 2127 Sft, Brick Exterior,East Facing,4 Br Detach House,Eng. Hardwood On Main Flr,Gourmet Kitchen With Extended Cabinets,Baksplash & Top Of The Line Apls, Oak Stairs, Master With W/I Closet & Ensuite Bath,All Spacious Brs, 2nd Flr Laundry,Steps Walk To Go Station, Library, School,Community Centre, Skating Rink & Close To Plazas

SOLD IN 5 DAYS,
NEED MORE LISTINGS



## Airport Rd/ Braydon

Absolutely Stunning 5 Bdrm Executive Home On 60 Ft+ Walkout, Private Ravine Lot With 3 Car Garage In Vales Of Castlemore, Very Well Maintained Home With Fabulous Gourmet Kitchen Has Extended Cabinets, Corian Countertops, W/O To Party Size Wooden Deck, Eat In Area, Home Shows Great With Formal Living & Dining Rms, Family Rm With Fireplace, Den On Main Flr, Oak Stairs, Spacious Rms & Master Has 5Pc Ensuite, Close To All Amenities, Schools, Parks, Public Transit

Price: $799,900



## Dixie & Father Tobin

Absolutely Stunning & Excellent Location, 4 Bedroom Semi With Prof. Finished Basement!! Very Well Kept Shows Like Model Home!! Lots Of Light, Spacious Family Room, Open Concept Upgraded Kitchen With W/O To Backyard, Master With Double Door Entry, Ensuite Bath & W/I Closet, Pot Lights On Main, Gleaming Parquet Floors, No Side Walk, Minutes To Shopping Plazas & Hwy 410, Close To Schools, Parks, Soccer Centre & All Amenities.

SOLD IN 1 WEEK
NEED MORE LISTINGS



## Esso with Subway

Location! Location! Location!! Very Busy Esso Gas Station On Busy Major Intersection With #1 Subway Franchise, Country Style, A.T.M, Lotto, Big Convenience, Post Office Boxes Serving The Whole Community. No Immidate Competition. More Potential To Grow Drive Through & Car Wash Options To Bring In Property. Property Totally Renovated In 2007 With Double Wall Tanks, Lines, Building, Subway Franchise, Canopy. New Roof Just Installed & Cross Lease.

Price: $2,100,000

3687 Nashua Drive, Unit 8, Mississauga, ON L4V 1V5 Ph: 905-405-8484

PunjabiDailyOnLine

# SANGHA LAW OFFICE

## Personal Injury Lawyers

ਸੰਘਾ ਲਾਅ ਆਫਿਸ

ARE YOU INJURED - CALL US WE CAN HELP



RAMESHWER S. SANGHA
BARRISTER SOLICITOR & NOTARY PUBLIC

**WE ALSO DEAL IN**

Immigration, Real Estate, Family Law & Civil Litigation, Wills, Sponsorships / Affidavits and Power of Attorneys

You to maximize your Benefits and Settlement

Personal Injury Litigation: Motor Vehicle Accident Injury Claims, Brain Damage, Spinal Injury, Fatal Accident, Wrongful Death, Slip & Fall, Dog Bites and All Mediation and Arbitration Medical Malpractice

**PH: 905-456-9911 Toll Free: 1-877-456-9911**

2260 Bovaird Dr. #121 E Brampton ON L6R 3J5
www.sanghalawyers.com Email: ramesh@sanghalawyers.com

# ਵੈਨਕੂਵਰ ਕਲਾਥ ਹਾਊਸ

ਬਰੈਂਪਟਨ ਲੋਕੇਸ਼ਨ ਦੇ 5ਵੀਂ ਅਨਵਰਸਰੀ ਦੀ ਖੁਸ਼ੀ ਵਿੱਚ 50% ਆਫ ਵਾਲੀ ਭਾਰੀ ਸੇਲ

* 35 ਡਾਲਰ ਵਾਲਾ ਸੂਟ ਸਲਵਾਰ, ਕਮੀਜ਼, ਦੁਪੱਟਾ ਹੁਣ ਸਿਰਫ $15 ਦਾ
* 25 ਡਾਲਰ ਵਾਲਾ ਸਲਵਾਰ, ਕਮੀਜ਼ ਦੁਪੱਟਾ ਹੁਣ 10 ਡਾਲਰ ਦਾ
* ਬਿਨ੍ਹਾਂ ਦੁਪੱਟੇ ਤੋਂ ਸੂਟ 5 ਡਾਲਰ ਦਾ

ਇੰਗਲੈਂਡ ਦੀਆਂ ਕੋਟੀਆਂ $100 ਦੀਆਂ ਚਾਰ ਲਵੋ ਸਾੜੀਆਂ ਤੇ ਭਾਰੀ ਸੇਲ

**ਜਿਊਰੀ ਤੇ 50% ਕਟੌਤੀ**

ਸਾਡੇ ਕੋਲ ਰੰਗ ਬਿਰੰਗੇ ਰੰਗਾਂ ਦੀ ਭਾਰੀ ਸਿਪਮੈਂਟ ਪਹੁੰਚ ਗਈ ਹੈ।

ਅਸੀਂ Custom made ਰੁਮਾਲਾ ਸਾਹਿਬ ਵੀ ਤਿਆਰ ਕਰਦੇ ਹਾਂ

ਰੈਡੀਮੇਡ ਕੁੜਤੇ, ਰੈਡੀਮੇਡ ਧੋਤੀ ਸਲਵਾਰਾਂ, ਬਰੋਕੱਟ ਅਤੇ ਕਾਟਨ ਦੇ ਕਪੜੇ ਦੀ ਭਾਰੀ ਸਿਪਮੈਂਟ ਪਹੁੰਚ ਚੁੱਕੀ ਹੈ

2 Locations to serve you



Mother`s Day Sale

130 Westmore Dr. #12 Rexdale ON M9V 5E2 Tel: 416-741-9790
( Near Rexdale Gurughar )
4525 Ebenezer Rd. #12, Brampton ON L6P 2K8 Tel: 905-913-2828
( Near Dasmesh Darbar Gurughar )

# FTA Satellite

## ਕਿਸੇ ਹੋਰ ਨੂੰ ਕਾਲ ਕਰਨ ਤੋਂ ਪਹਿਲਾਂ ਸਾਨੂੰ ਕਾਲ ਕਰੋ

ਅਸੀਂ ਹਰ Prize ਨੂੰ Beat ਕਰਾਂਗੇਂ।

**55 Desi Channels**
**Hindu, Punjabi, Pakistani**
**200 English Channels**


ਅਸੀਂ HD ਚੈਨਲ ਵੀ Provide ਕਰਦੇ ਹਾਂ।

**FRIENDLY SERVICE**
**SERVING ALL OF GTA**



ਕਦੇ ਵੀ ਬੰਦ ਨਾ ਹੋਣ ਵਾਲੀ DISH ਲਗਵਾਉਣ ਲਈ Raj ਨੂੰ ਕਾਲ ਕਰੋ

**416-846-6360**



f1 IMAGES
photography
Modern. Simple. Elegant.

BRIDAL*ENGAGEMENT*PORTRAITS*EVENTS
CALL OR EMAIL FOR CONSULTATION
Roger Naz
647-406-7647
roger@f1images.ca

# Taxi Business Tax Audit Alert!

***BEFORE CANADA REVENUE AGENCY (CRA) COMES TO YOU, GO TO THEM!***

IF YOU ARE IN TAXI BUSINESS AND

- ·Have One Or More License Plates
- ·Have Any Under Reported Income From Previous Years

Please Come Forward And Correct Your Inaccurate Or Incomplete Tax Information. We Can Help You By Making Valid Disclosure To CRA

or

**·If You have been audited by CRA, We can assist and/or represent you to CRA.**

**FOR MORE INFORMATION CONTACT:**

Ravinder Makkar
**Makkar & Makkar Tax Office**
8-18 Automatic Rd
Brampton On L6s 5n5

**905-791-6666**

**"ACCURATE TAX RETURNS ARE THE BEST PROTECTION"**

# KELLEY LAW OFFICE

***Barrister, Solicitor & Notary Public***

- Real Estate
- Business Law
- Corporate Law
- Family Law
- Immigration
- Wills & Estates
- Affidavits
- Power of Attorneys
- Notarization



Shinder Kelley

**905-362-0755**

Email: info@kelleylawoffice.ca
www.kelleylawoffice.ca
6770 Davand Drive, Unit# 45,Mississauga ON L5T 2G3
(Corner of Derry Rd. & Dixie Rd.)

# ਆਸਟ੍ਰੇਲੀਆ 'ਚ ਸਿਰ ਕੱਟਣ ਦੀ ਸਾਜ਼ਿਸ਼ ਅਸਫਲ, ਫੜੇ 15 ਅੱਤਵਾਦੀ



ਮੈਲਬੋਰਨ- ਆਸਟ੍ਰੇਲੀਆਈ ਪੁਲਸ ਨੇ ਖੁਫੀਆ ਸੂਚਨਾ ਮਿਲਣ ਤੋਂ ਬਾਅਦ ਵੀਰਵਾਰ ਨੂੰ ਅੱਤਵਾਦ ਖਿਲਾਫ ਮੁਹਿੰਮ ਚਲਾਉਂਦੇ ਹੋਏ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ। ਪ੍ਰਧਾਨ ਮੰਤਰੀ ਟੋਨੀ ਅਬੋਟ ਨੇ ਕਿਹਾ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਸਲਾਮਿਕ ਸਟੇਟ ਦੇ ਸਮਰਥਕ ਦੇਸ਼ 'ਚ ਕਤਲੇਆਮ ਦੀ ਯੋਜਨਾ ਬਣਾ ਰਹੇ ਹਨ। ਇਹ ਸਿਰਫ ਸ਼ੱਕ ਨਹੀਂ ਸਗੋਂ ਯਕੀਨ ਹੈ ਅਤੇ ਇਸ ਲਈ ਪੁਲਸ ਅਤੇ ਸੁਰੱਖਿਆ ਏਜੰਸੀਆਂ ਨੇ ਆਪਣੇ ਢੰਗ ਨਾਲ ਕਾਰਵਾਈ ਕਰਨ ਦਾ ਫੈਸਲਾ ਕੀਤਾ।

ਸਿਡਨੀ ਅਤੇ ਬ੍ਰਿਸਬੇਨ 'ਚ ਵੀਰਵਾਰ ਦੀ ਸਵੇਰ ਨੂੰ 600 ਤੋਂ ਜ਼ਿਆਦਾ ਪੁਲਸ ਅਧਿਕਾਰੀ ਇਸ ਛਾਪੇਮਾਰੀ 'ਚ ਸ਼ਾਮਲ ਸਨ, ਜਿਨ੍ਹਾਂ ਨੇ 15 ਲੋਕਾਂ ਦੀ ਗ੍ਰਿਫਤਾਰੀ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ 'ਚੋਂ ਇਕ ਇਨ੍ਹਾਂ ਦਾ ਮਾਸਟਰ ਮਾਇੰਡ ਸੀ, ਜਿਸਦੀ ਅਦਾਲਤ 'ਚ ਪੇਸ਼ੀ ਹੋਣੀ ਹੈ। ਇਹ ਸ਼ੱਕੀ ਵਿਅਕਤੀ ਕਥਿਤ ਤੌਰ 'ਤੇ ਫਿਲਮ ਅਤੇ ਜਨਤਕ ਖੇਤਰ ਨਾਲ ਜੁੜੇ ਕਿਸੇ ਮੈਂਬਰ ਨੂੰ ਅਗਵਾ ਕਰਕੇ ਉਸਦਾ ਸਿਰ ਕਲਮ ਕਰਨ ਦੀ ਯੋਜਨਾ ਬਣਾ ਰਹੇ ਸਨ।

ਕਾਰਜਕਾਰੀ ਕਮਿਸ਼ਨਰ ਐਂਡ੍ਰਿਊ ਕਾਲਵੀਨ ਨੇ ਦੱਸਿਆ ਕਿ ਗੰਭੀਰ ਅੱਤਵਾਦੀ ਅਪਰਾਧਾਂ ਦੇ ਦੋਸ਼ੀ ਵਿਅਕਤੀ ਨੂੰ ਵੀਰਵਾਰ ਨੂੰ ਸਿਡਨੀ 'ਚ ਕੇਂਦਰੀ ਸਥਾਨਕ ਅਦਾਲਤ 'ਚ ਪੇਸ਼ ਕੀਤਾ ਜਾਣਾ ਹੈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਿਡਨੀ ਦੇ ਕਰੀਬ 12 ਪਿੰਡਾਂ 'ਚ ਮੈਰੀਲੇਨਡਸ,ਵਿਸਟਮੀਡ, ਕੈਸਲ ਹਿੱਲ, ਬਾਸ ਹਿੱਲ, ਨੋਰਥਮੀਡ, ਬਿਲਾ, ਵਿਸਟਾ, ਰਿਵਸਬੀ ਅਤੇ ਕਈ ਹੋਰ ਪਿੰਡਾਂ ਦੇ ਨਾਲ-ਨਾਲ ਬ੍ਰਿਸਬੇਨ ਦੇ ਦੱਖਣੀ ਮਾਊਂਟ ਗਰਾਵਟ ਈਸਟ, ਲੋਗਨ, ਅੰਡਰਵੂਡ ਦੇ ਸ਼ਹਿਰ 'ਚ ਖਾਸ ਛਾਪੇਮਾਰੀ ਮੁਹਿੰਮ ਅਧੀਨ ਅੱਤਵਾਦੀਆਂ ਦੇ ਕਈ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਇਹ ਪਹਿਲਾਂ ਮੌਕਾ ਹੈ ਜਦੋਂ ਆਸਟ੍ਰੇਲੀਆ ਨੇ ਆਪਣੇ ਇਥੇ ਹਾਈ ਅਲਾਰਟ ਦਾ ਐਲਾਨ ਕੀਤਾ ਹੈ।

# ਨਸ਼ੇ 'ਚ ਟੱਲੀ ਹੋ ਕੇ ਦੋਸਤ ਨੂੰ ਉਤਾਰਿਆ ਮੌਤ ਦੇ ਘਾਟ

ਚੰਡੀਗੜ੍ਹ- ਚੰਡੀਗੜ੍ਹ ਦੇ ਸੈਕਟਰ 18-19-20-21 ਦੇ ਚੌਕ 'ਤੇ 10 ਸਤੰਬਰ ਦੀ ਸਵੇਰ ਨੂੰ ਹੋਈ ਹੱਤਿਆ ਦੀ ਗੁੱਥੀ ਪੁਲਸ ਨੇ ਸੁਲਝਾ ਲਈ ਹੈ। ਪੁਲਸ ਦਾ ਦਾਅਵਾ ਹੈ ਕਿ ਉਸ ਸਵੇਰ ਨੂੰ 2 ਦੋਸਤ 4 ਬੋਤਲਾਂ ਸ਼ਰਾਬ ਪੀ ਕੇ ਲੜੇ ਅਤੇ ਇਕ ਨੇ ਦੂਜੇ ਦੀ ਹੱਤਿਆ ਕਰ ਦਿੱਤੀ। ਹੱਤਿਆ ਦਾ ਦੋਸ਼ 'ਚ ਸੈਕਟਰ 7 ਦੇ ਬਾਜ਼ਾਰ ਤੋਂ ਪੁਲਸ ਨੇ ਸ਼੍ਰੀਨਿਵਾਸ ਯਾਦਵ ਉਰਫ ਲੰਬੂ (38) ਨੂੰ ਗ੍ਰਿਫਤਾਰ ਕਰ ਲਿਆ ਹੈ।

ਪੁਲਸ ਨੇ ਦੱਸਿਆ ਕਿ ਲੰਬੂ ਉੱਤਰ ਪ੍ਰਦੇਸ਼ ਦੇ ਜ਼ਿਲਾ ਗੋਰਖਪੁਰ ਦਾ ਰਹਿਣ ਵਾਲਾ ਹੈ। ਉਥੇ ਹੀ ਉਸ 'ਤੇ ਹੱਤਿਆ ਦਾ ਮਾਮਲਾ ਚੱਲ ਰਿਹਾ ਹੈ।



10 ਸਤੰਬਰ ਦੀ ਸਵੇਰ ਪੁਲਸ ਨੂੰ ਰਾਊਂਡ ਅਬਾਊਟ 'ਤੇ ਰਾਮ ਕਿਸ਼ਨ ਦੀ ਲਾਸ਼ ਬਰਾਮਦ ਹੋਈ ਸੀ। ਏ. ਐੱਸ. ਪੀ. ਪਰਵਿੰਦਰ ਸਿੰਘ ਅਨੁਸਾਰ ਲਾਸ਼ ਦੀ ਪਛਾਣ ਦੇ ਬਾਅਦ ਪੁਲਸ ਨੇ ਰਾਮ ਕਿਸ਼ਨ ਦੀ ਪਤਨੀ ਤੋਂ ਜਾਣਕਾਰੀ ਲਈ। ਉਸ ਦੀ ਪਤਨੀ ਮੰਡੀ ਗੋਬਿੰਦਗੜ 'ਚ ਰਹਿੰਦੀ ਹੈ। ਪਤਨੀ ਨੇ ਦੱਸਿਆ ਕਿ 9 ਸਤੰਬਰ ਨੂੰ ਰਾਮ ਕਿਸ਼ਨ ਮੰਡੀ ਗੋਬਿੰਦਗੜ ਆਇਆ ਸੀ ਅਤੇ ਚੰਡੀਗੜ੍ਹ ਨਾਲ ਲੈ ਕੇ ਜਾਣ ਦੀ ਜ਼ਿੱਦ ਕਰ ਰਿਹਾ ਸੀ। ਉਸ ਨੇ ਜਾਣ ਤੋਂ ਮਨ੍ਹਾ ਕੀਤਾ ਤਾਂ ਉਹ ਝਗੜਾ ਕਰਕੇ ਵਾਪਸ ਗੋਬਿੰਦਗੜ੍ਹ ਆ ਗਿਆ ਸੀ। ਜਾਂਚ ਦੌਰਾਨ ਪੁਲਸ ਨੂੰ ਪਤਾ ਲਗਾ ਹੈ ਕਿ ਰਾਮ ਕਿਸ਼ਨ ਬੜਹੇੜੀ ਨੇੜੇ ਲੰਬੂ ਨਾਂ ਦੇ ਵਿਅਕਤੀ ਨਾਲ ਲੇਬਰ ਦਾ ਕੰਮ ਕਰਦਾ ਸੀ। ਦੋਵੇਂ ਸ਼ਰਾਬ ਦੇ ਆਦੀ ਸਨ। ਉਥੇ ਹੀ ਜਾਣਕਾਰੀ ਮਿਲਣ ਦੇ ਬਾਅਦ ਪੁਲਸ ਨੇ ਬੁੱਧਵਾਰ ਨੂੰ ਚੰਡੀਗੜ੍ਹ 'ਚ ਲੰਬੂ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਵੱਲੋਂ ਪੁੱਛਗਿੱਛ ਕਰਨ 'ਤੇ ਲੰਬੂ ਨੇ ਦੱਸਿਆ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਇੱਕਠੇ ਕੰਮ ਰਹ ਸਨ ਅਤੇ ਦੋਵੇਂ ਚੰਗੇ ਦੋਸਤ ਵੀ ਸਨ। 9 ਸਤੰਬਰ ਦੀ ਰਾਤ ਦੋਹਾਂ ਨੇ ਪਹਿਲਾਂ ਮੋਹਾਲੀ ਫਿਰ ਸੈਕਟਰ-22 ਅਤੇ ਫਿਰ ਸੈਕਟਰ-41 'ਚ ਕੁੱਲ ਮਿਲਾ ਕੇ 4 ਬੋਤਲਾਂ ਸ਼ਰਾਬ ਪੀਤੀ ਸੀ। ਇਸ ਦੇ ਬਾਅਦ ਦੋਵੇਂ ਸੈਕਟਰ 18-19-20-21 ਦੇ ਚੌਕ ਦੇ ਕੋਲ ਰਾਊਂਡ ਅਬਾਊਟ 'ਤੇ ਪਏ ਪੱਥਰਾਂ 'ਤੇ ਬੈਠ ਗਏ। ਨਸ਼ੇ 'ਚ ਟੱਲੀ ਹੋਏ ਕਿਸ਼ਨ ਨੇ ਲੰਬੂ ਨੂੰ ਕਿਹਾ ਕਿ ਉਹ ਦੋਵੇਂ ਉਸ ਦੀ ਪਤਨੀ ਨੂੰ ਲੈਣ ਲਈ ਜਾਂਦੇ ਹਨ ਅਤੇ ਜੇਕਰ ਉਸ ਦੀ ਪਤਨੀ ਉਸ ਨਾਲ ਨਹੀਂ ਆਵੇਗੀ ਤਾਂ ਉਸ ਦੀ ਉਥੇ ਹੀ ਹੱਤਿਆ ਕਰ ਦੇਵਾਂਗੇ। ਲੰਬੂ ਨੇ ਇਸ ਦਾ ਵਿਰੋਧ ਕੀਤਾ ਤਾਂ ਦੋਹਾਂ 'ਚ ਬਹਿਸ ਸ਼ੁਰੂ ਹੋ ਗਈ। ਝਗੜਾ ਵੱਧਣ 'ਤੇ ਲੰਬੂ ਨੇ ਪੱਥਰ ਮਾਰ-ਮਾਰ ਕੇ ਕਿਸ਼ਨ ਦੀ ਹੱਤਿਆ ਕਰ ਦਿੱਤੀ।

# ਹੁਣ ਦਸਤਾਰ ਸਜ਼ਾ ਕੇ ਖੇਡ ਸਕਣਗੇ ਖਿਡਾਰੀ-ਸੁਖਬੀਰ



ਜਲੰਧਰ-ਕੌਮਾਂਤਰੀ ਬਾਸਕਟ ਬਾਲ ਦੀ ਸੰਚਾਲਨ ਸੰਸਥਾ ਵਲੋਂ ਸਿੱਖ ਖਿਡਾਰੀਆਂ ਨੂੰ ਪਗੜੀ ਪਹਿਨ ਕੇ ਖੇਡਣ ਦੀ ਆਗਿਆ ਦਿੱਤੇ ਜਾਣ 'ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੋਸ਼ਲ ਨੈੱਟਵਰਕਿੰਗ ਸਾਈਟ ਫੇਸਬੁੱਕ 'ਤੇ ਪੋਸਟ ਕੀਤਾ ਹੈ। ਉਨ੍ਹਾਂ ਨੇ ਪੋਸਟ ਕੀਤਾ ਕਿ ਆਖਰਕਾਰ ਫੀਬਾ ਨੇ ਸਿੱਖ ਖਿਡਾਰੀਆਂ ਦੀ ਸ਼ਾਨ ਪਗੜੀ ਪਹਿਨ ਕੇ ਖੇਡਣ 'ਤੇ ਬੈਨ ਖਤਮ ਕਰ ਦਿੱਤਾ।

ਸੁਖਬੀਰ ਨੇ ਲਿਖਿਆ ਹੈ ਕਿ ਹੁਣ ਬਾਸਕਟ ਬਾਲ ਦੇ ਖਿਡਾਰੀ ਦਸਤਾਰ ਸਜਾ ਕੇ ਸ਼ਾਨ ਨਾਲ ਖੇਡ ਸਕਣਗੇ। ਜ਼ਿਕਰਯੋਗ ਹੈ ਕਿ ਫੀਬਾ ਦੇ ਕੇਂਦਰੀ ਬੋਰਡ ਦੀ ਪੁਰਸ਼ਾਂ ਦੇ ਵਿਸ਼ਵ ਕੱਪ ਦੌਰਾਨ ਇਸ ਹਫਤੇ ਦੇ ਅਖੀਰ 'ਚ ਬੈਠਕ ਹੋਈ, ਜਿਸ 'ਚ ਖਿਡਾਰੀਆਂ ਨੂੰ ਦੋ ਸਾਲਾਂ ਦੀ ਟ੍ਰੇਨਿੰਗ ਦੌਰਾਨ ਸਿਰ ਢਕਣ ਲਈ ਕੱਪੜਾ ਪਹਿਨਣ (ਜਿਵੇਂ ਕਿ ਪਗੜੀ ਜਾਂ ਹਿਜਾਬ) ਦੀ ਆਗਿਆ ਦੇਣ ਦੇ ਪੱਖ 'ਚ ਵੋਟਾਂ ਪਈਆਂ। ਇਸ ਤੋਂ ਪਹਿਲਾਂ ਫੀਬਾ ਨਿਯਮਾਂ ਮੁਤਾਬਕ ਖਿਡਾਰੀਆਂ ਨੂੰ ਆਪਣੇ ਬਾਲ ਅਤੇ ਪਸੀਨੇ ਨੂੰ ਕੰਟਰੋਲ ਕਰਨ ਲਈ 5 ਸੈਂਟੀਮੀਟਰ ਦੀ ਹੈਡਬੈਂਡ ਪਹਿਨਣ ਦੀ ਆਗਿਆ ਦਿੱਤੀ ਜਾਂਦੀ ਸੀ। ਸਿੱਖ ਅਤੇ ਮੁਸਲਮਾਨ ਖਿਡਾਰੀਆਂ ਦੇ ਭੇਦਭਾਵ ਦੀਆਂ ਆਪੱਤੀਆਂ ਤੋਂ ਬਾਅਦ ਨਵਾਂ ਫੈਸਲਾ ਲਿਆ ਗਿਆ।

# ਨੰਬਰ ਘੱਟ ਆਉਣ 'ਤੇ ਬੇਰਹਿਮ ਅਧਿਆਪਕ ਨੇ ਮਾਸੂਮ ਪਹੁੰਚਾਈ ਹਸਪਤਾਲ



ਰੂਪਨਗਰ- ਸਰਕਾਰੀ ਪ੍ਰਾਇਮਰੀ ਸਕੂਲ ਦੀ ਚੌਥੀ ਜਮਾਤ ਦੀ ਵਿਦਿਆਰਥਣ ਨੂੰ ਅਧਿਆਪਕ ਵਲੋਂ ਕੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਸਥਾਨਕ ਸਿਵਲ ਹਸਪਤਾਲ 'ਚ ਇਲਾਜ ਅਧੀਨ ਅਤੇ ਕੁੱਟ ਦਾ ਸ਼ਿਕਾਰ ਹੋਈ ਵਿਦਿਆਰਥਣ ਮਬੀਸ਼ ਦੇ ਪਿਤਾ ਰਾਜੂਦੀਨ ਵਾਸੀ ਹੁਸੈਨਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਉਕਤ ਸਕੂਲ 'ਚ ਚੌਥੀ ਜਮਾਤ 'ਚ ਪੜਦੀ ਹੈ, ਜਿਸਦੀ ਪਹਿਲਾਂ ਹੀ ਕੁਝ ਸਮੇਂ ਤੋਂ ਸਿਹਤ ਠੀਕ ਨਹੀਂ ਚੱਲ ਰਹੀ ਸੀ ਅਤੇ ਕਿਸੇ ਤਰ੍ਹਾਂ ਉਨ੍ਹਾਂ ਦੀ ਲੜਕੀ ਨੇ ਸਕੂਲ ਦੀ ਪ੍ਰੀਖਿਆ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰੀਖਿਆ 'ਚ ਇਕ ਪੇਪਰ 'ਚ ਘੱਟ ਨੰਬਰ ਲੈਣ 'ਤੇ ਸਬੰਧਤ ਅਧਿਆਪਕ ਵਲੋਂ ਬਿਨਾਂ ਕਾਰਨ ਉਸਦੀ ਕੁਟਾਈ ਸ਼ੁਰੂ ਕਰ ਦਿੱਤੀ, ਜਿਸਦੇ ਨਿਸ਼ਾਨ ਵੀ ਉਸਦੇ ਪਏ ਹਨ ਅਤੇ ਇਸ ਸਮੇਂ ਉਹ ਹਸਪਤਾਲ 'ਚ ਇਲਾਜ ਅਧੀਨ ਹੈ। ਇਸ ਮਾਮਲੇ ਨੂੰ ਲੈ ਕੇ ਆਲ ਇੰਡੀਆ ਹਿਊਮਨ ਰਾਈਟ ਵਾਚ ਦੇ ਜ਼ਿਲਾ ਪ੍ਰਧਾਨ ਗੁਰਵਿੰਦਰ ਸਿੰਘ ਜੱਗੀ ਨੇ ਸਬੰਧਤ ਅਧਿਆਪਕ ਦੀ ਕਾਰਜਸ਼ੈਲੀ ਨੂੰ ਲੈ ਕੇ ਰੋਸ ਜਤਾਉਂਦੇ ਉਸਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# ਸੀਰੀਆ ਦੇ 16 ਪਿੰਡਾਂ 'ਤੇ ਆਈ.ਐਸ. ਦਾ ਕਬਜ਼ਾ



ਬੇਰੂਤ-ਇਸਲਾਮਿਕ ਸਟੇਟ (ਆਈ.ਐਸ.) ਦੇ ਅੱਤਵਾਦੀਆਂ ਨੇ ਉਤਰੀ ਸੀਰੀਆ 'ਚ 16 ਕੁਰਦ ਪਿੰਡਾਂ 'ਤੇ ਕਬਜ਼ਾ ਕਰ ਲਿਆ ਹੈ। ਕੁਰਦਿਸ਼ ਫੌਜ ਦੇ ਇਕ ਅਧਿਕਾਰੀ ਅਤੇ ਮਨੁੱਖੀ ਅਧਿਕਾਰ ਸੰਗਠਨ ਨੇ ਵੀਰਵਾਰ ਨੂੰ ਦੱਸਿਆ ਕਿ ਆਈ.ਐਸ. ਦੇ ਅੱਤਵਾਦੀਆਂ ਨੇ ਟੈਂਕਾਂ ਸਮੇਤ ਭਾਰੀ ਹਥਿਆਰਾਂ ਦਾ ਇਸਤੇਮਾਲ ਕਰਕੇ ਕੋਬਾਨੀ ਸ਼ਹਿਰ ਦੇ ਨੇੜੇ ਹਮਲਾ ਕੀਤਾ। ਸੀਰੀਆਈ ਓਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਦੇ ਸੰਸਥਾਪਕ ਰਾਮੀ ਅਬਦੁੱਲ ਰਹਿਮਾਨ ਨੇ ਦੱਸਿਆ ਕਿ ਆਈ.ਐਸ. ਦੇ ਅੱਤਵਾਦੀਆਂ ਨੇ ਬੁੱਧਵਾਰ ਪਿੰਡਾਂ 'ਤੇ ਕਬਜ਼ਾ ਕਰ ਲਿਆ ਅਤੇ ਇਹ ਅੱਤਵਾਦੀ ਅਯਾਲ-ਅਬ-ਅਰਬ ਸ਼ਹਿਰ ਵੱਲ ਹੋਰ ਅੱਗੇ ਵਧ ਗਏ ਹਨ।

# ਕੁੱਖ 'ਚ ਧੀਆਂ ਮਾਰਨ ਵਾਲਿਆਂ ਲਈ ਮਿਸਾਲ ਹੈ ਇਹ ਪਰਿਵਾਰ

ਤਰਨਤਾਰਨ- ਉਹ ਸਮੇਂ ਹੁਣ ਲੰਘ ਗਏ ਜਦੋਂ ਕੁੜੀ ਦੇ ਜਨਮ ਨੂੰ ਮਨਹੂਸ ਸਮਝਿਆ ਜਾਂਦਾ ਸੀ ਅਤੇ ਉਸਨੂੰ ਜੰਮਣ ਤੋਂ ਬਾਅਦ ਉਸੇ ਵੇਲੇ ਮਾਰ ਦਿੱਤਾ ਜਾਂਦਾ ਸੀ। ਮੌਜੂਦਾ ਸਮਾਂ ਔਰਤ ਨੂੰ ਮਾਣ ਸਨਮਾਨ ਦੇਣ ਦਾ ਹੈ ਪਰ ਅਵਤਾਰ ਸਿੰਘ ਰਿੰਪਲ ਪੁੱਤਰ ਗੁਰਮੁੱਖ ਸਿੰਘ ਵਾਸੀ ਢੋਟੀਆਂ ਅਜਿਹਾ ਨੌਜਵਾਨ ਹੈ ਜਿਸਦੇ ਘਰ ਪਤਨੀ ਗੁਰਜੀਤ ਕੌਰ ਦੀ ਕੁੱਖੋਂ ਜਦ ਕੁੜੀ ਨੇ ਜਨਮ ਲਿਆ ਤਾਂ ਇਸ ਪਰਿਵਾਰ ਨੇ ਮੁੰਡਾ ਹੋਣ ਵਾਂਗ ਖੁਸ਼ੀਆਂ ਮਨਾਈਆਂ। ਉਨ੍ਹਾਂ ਪਿੰਡਾਂ ਵਿਚ ਲੱਡੂ ਵੰਡੇ ਅਤੇ ਗਰੀਬ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ। ਇਸ ਪਰਿਵਾਰ ਨੇ ਪੂਰੇ ਚਾਵਾਂ ਨਾਲ ਨਵਜੰਮੀ ਲੜਕੀ ਦਾ ਨਾਂ ਪਵਨਜੋਤ ਕੌਰ ਰੱਖਿਆ ਅਤੇ ਉਸਦੇ ਜਨਮ ਲੈਣ ਦੀ ਖੁਸ਼ੀ ਵਿਚ ਵੀਰਵਾਰ ਨੂੰ ਆਪਣੇ ਰਿਸ਼ਤੇਦਾਰਾਂ ਤੇ ਯਾਰਾਂ ਦੋਸਤਾਂ ਸਮੇਤ ਪਰਿਵਾਰਾਂ ਨੂੰ ਬੁਲਾ ਕੇ ਲੜਕੇ ਵਾਂਗ ਲੜਕੀ ਦੇ ਜੰਮਣ 'ਤੇ ਰਸਮਾ ਕੀਤੀਆਂ। ਅੱਜ ਦੇ ਸਮੇਂ ਜਿਥੇ ਕੁੱਖ 'ਚ ਧੀਆਂ ਮਾਰਨ ਵਾਲਿਆਂ ਦੀ ਕਮੀ ਨਹੀਂ ਹੈ ਉਥੇ ਇਹ ਪਰਿਵਾਰ ਉਨ੍ਹਾਂ ਲਈ ਮਿਸਾਲ ਹੈ ਜਿਹੜਾ ਜੰਮਣ 'ਤੇ ਹੀ ਧੀ ਨੂੰ ਪੁੱਤ ਦਾ ਦਰਜਾ ਦੇ ਰਿਹਾ ਹੈ।

Radio TEHLKA

(Toronto Canada)

Listen to

HARJINDER S. DILGEER -on radio TEHLKA (Toronto Canada) every SATURDAY and SUNDAY 10am to 12pm on 1690 AM ! From home on TV.Roger cable (channel 959) -Thanks for the listener ship. Thanks Amar padda.

GOLDEN GROCERIES LTD.

ਗੋਲਡਨ ਗਰੌਸਰੀ

ਜੇਕਰ ਤੁਸੀਂ ਸਾਫ-ਸੁਥਰੀ ਤੇ ਤਾਜ਼ੀ ਗਰੋਸਰੀ ਖਰੀਦਣਾ ਚਾਹੁੰਦੇ ਹੋ
ਤਾਂ ਸਾਡੀ ਕਿਸੇ ਵੀ ਨੇੜੇ ਦੀ ਲੋਕੇਸ਼ਨ ਤੇ ਪਹੁੰਚੋ

ਪੰਜਾਬ ਪੈਸੇ ਭੇਜਣੇ ਹੋਣ ਤਾਂ ਅਸੀਂ ਵੈਸਟਰਨ ਯੂਨੀਅਨ ਦੀਆਂ ਸੇਵਾਵਾਂ ਵੀ ਦਿੰਦੇ ਹਾਂ।
ਇਸ ਤੋਂ ਇਲਾਵਾ ਆਡੀਓ, ਵੀਡਿਓ ਸੀਡੀ, ਮਠਿਆਈਆਂ, ਵੀ ਲੈ ਸਕਦੇ ਹੋ। ਪਾਸਪੋਰਟ
ਜਾਂ ਪੀਆਰ ਤੇ ਸਿਟੀਜਨਸਿਪ ਲਈ ਫੋਟੋ ਖਿਚਣ ਦਾ ਵੀ ਖਾਸ ਪ੍ਰਬੰਧ ਹੈ

ਅਸੀਂ ਚਾਰ ਵੱਖ-ਵੱਖ ਸ਼ਾਖਾਵਾਂ ਤੋਂ ਤੁਹਾਡੀ ਸੇਵਾ ਕਰਦੇ ਹਾਂ

| | | | |
|---|---|---|---|
| 2975 Drew, Mississauga, ON 905-612-8288 | 5995 14th av, Markham, ON 905-201-8570 | 305 Charolais, Brampton, ON 905-452-8780 | 4525 Ebenezer, Brampton ON 905-913-0763 |

# INSURANCE DEPOT LTD.

A DEPOT FOR ALL MAJOR INSURANCE COMPANIES

☑ Are you concerned that who will pay your mortgage in case if you become disable?
☑ Are you concerned that who will pay your Line of Credit in case if you become disable?
☑ Are you concerned that who will pay your Truck / Car / Business Loan in case you become disable?

ONE SOLUTION FOR ALL
"UNIVERSAL LOAN INSURANCE"
(That will pay all your Loan Payment in case you you become disable & we donot require proof of income)

☑ MEDICAL FREE LIFE INSURANCE (AGE 50-80)
☑ NO MEDICAL EXAMINATION
☑ COVERAGE START FROM DAY ONE
☑ COVERS FUNERAL EXPENSES



Surinder Pal Singh
B.Sc., D.M.M
(Member of Canadian Association of Insurance & Financial Advisors)

**416-573-4798**

INVESTMENT PLANNING
• OFFER SEGGREGATED FUNDS FROM DIFFERENT INSURANCE COMPANIES.
• *OFFER 5% GUARANTEED BONUS & 100 % PRINCIPAL GUARANTEED ON MATURITY AND DEATH.
• OFFER INVESTMENT LOAN AT PRIME+0.75 (3+0.75)=3.75% FOR INVESTING IN SEGGREGATED FUNDS.
*Some Restrictions Apply.

website: www.insurancedepotltd.com Email: insurancedepot7@gmail.com

# Action Auto Collision




Salvage Inspection Station
Government Approved Licensed Body Shop



We Welcome ALL INSURANCE CLAIMS
Jessie Sarai
Specializes In Collision Custom Paint

**416-746-6699, 416-518-1919**
2662 Drew Rd. Drew/Torbram Rd., Malton, ON.

# MINHAS LAW OFFICE

Barrister, Solicitor & Notary Public



~Immigration, Appeals and Judicial Reviews
~Litigation
~Family Law Matters
~Commercial/Corporate Disputes
~Wills and Estates
~Real Estate Closings and Litigation



Tel: 905-671-9244 Fax: 905-671-9245
2960 Drew Road, Unit #138, Mississauga, ON L4T 0A5
(Airport / Drew Rd., Near Malton Gurughar)
email: manpreet@minhaslawyers.ca
website: www.minhaslawyers.ca
T. 905-671-9244 F. 905-671-9245
Manpreet Minhas

# ਭਾਰ ਘਟਾਉ ਇਨਾਮ ਪਾਉ

**LOOSE WEIGHT FEEL GREAT**

SAFE AND EASY, NO SIDE EFFECTS, 100% NATURAL PRODUCTS: ALL HERBAL, DOCTOR FORMULATED AND GUARANTEED, 30 YEARS OLD AMERICAN COMPANY, WORKS IN 70 COUNTRIES

HERBALIFE.

1) ਮੇਰਾ ਐਕਸੀਡੈਂਟ ਹੋਣ ਕਰਕੇ ਮੈਂ ਵੀਅਲਚੇਅਰ ਤੇ ਸੀ, ਭਾਰ ਜਿਆਦਾ ਸੀ,ਹਰ ਸਮੇਂ ਗੋਡਿਆਂ, ਬੈਕ, ਹਿੱਪ ਅਤੇ ਸਿਰ ਵਿੱਚ ਦਰਦ ਰਹਿੰਦਾ ਸੀ, ਮੈਂ 'ਹਰਬਲਾਈਫ' ਨਾਲ 45 ਪੌਂਡ ਭਾਰ ਘਟਾਇਆ ਤੇ ਤੁਰਨ ਲੱਗ ਪਈ ਅਤੇ ਭੁੱਖੇ ਵੀ ਨਹੀਂ ਰਹਿਣਾ ਪਿਆ। ਚੰਗੀ ਸਿਹਤ ਮਿਲਣ ਕਰਕੇ ਅਸੀਂ ਇਸ ਕੰਪਨੀ ਨਾਲ 1997 ਤੋਂ ਕੰਮ ਕਰਦੇ ਹਾਂ।
2) ਇਹ ਪ੍ਰੋਡਕਟ ਭਾਰ ਘਟਾਉਣ, ਵਧਾਉਣ, ਮੇਨਟੇਨ ਰੱਖਣ, ਸੂਗਰ, ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ, ਮਾਈਗ੍ਰੇਨ, ਥਾਈਰਾਈਡ ਅਤੇ ਹੋਰ ਵੀ ਕਈ ਬਿਮਾਰੀਆਂ ਨੂੰ ਠੀਕ ਕਰਣ ਵਿੱਚ ਮਦਦ ਕਰਦੇ ਹਨ। ਅੱਖਾਂ ਦੇ ਕਾਲੇ ਘੇਰੇ, ਕਿੱਲ ਮੁਹਾਸੇ ਅਤੇ ਇਸ ਵਿੱਚ ਹੋਰ ਬਹੁਤ ਸਾਰੇ ਚੰਗੇ ਸਕਿੱਨ-ਕੇਅਰ ਪ੍ਰੋਡਕਟਸ ਉਪਲਬਧ ਹਨ । ਇਸਦੇ ਸ਼ੈਂਪੂ ਅਤੇ ਪ੍ਰਫਿਊਮਜ਼ ਵੀ ਹਨ ਜੋ ਅਲਰਜੀ ਨਹੀਂ ਕਰਦੇ।
3) ਨੀਂਦ ਵਿੱਚ ਘੁਰਾੜੇ ਮਾਰਨਾ ਬਹੁਤ ਖਤਰਨਾਕ ਬਿਮਾਰੀ ਹੈ ਇਸ ਲਈ ਸਾਡੇ ਨਾਲ ਜਲਦੀ ਸੰਪਰਕ ਕਰੋ।
4) ਜੇ ਤੁਸੀਂ ਆਪਣੀ ਸਿਹਤ ਠੀਕ ਰੱਖਣੀ ਚਾਹੁੰਦੇ ਹੋ ਜਾਂ ਪਾਰਟ ਟਾਈਮ/ਫੁੱਲ ਟਾਈਮ ਕੰਮ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੇ ਨੰਬਰ ਤੇ ਕਾਲ ਕਰੋ।
5) ਜਿਹੜਾ ਸਾਡੇ ਕੋਲੋਂ ਇਹ ਪ੍ਰੋਡਕਟਸ ਲੈਂਦਾ ਹੈ ਉਸ ਲਈ ਇੱਕ ਪ੍ਰੋਡਕਟ ਮੁਫਤ । ਹੋਰ ਛੋਟ ਲੈਣ ਵਾਸਤੇ ਜਾਂ ਐਕਸਰਸਾਈਜ ਕਲਾਸ, ਨਿਊਟਰੀਸ਼ਨਲ ਫੂਡ ਤਿਆਰ ਕਰਣ ਦੀ ਸਿਖਲਾਈ ਵਾਸਤੇ ਸੰਪਰਕ ਕਰੋ।
6) ਸਿਲਾਈ ਅਤੇ ਕੁਕਿੰਗ ਸਿੱਖਣ ਵਾਸਤੇ ਵੀ ਕਾਲ ਕਰ ਸਕਦੇ ਹੋ।



ਸਲਾਹ ਮਸ਼ਵਰੇ ਲਈ ਸਾਡੇ ਨਾਲ ਸੰਪਰਕ ਕਰੋ:

Within 30 Days

**SHINA G: 647-920-0571**

# Nanak Jewellers

Specializing in 22kt 24k Gold Jewellery



50% OFF DIAMONDS
2955 Sandalwood Pkwy. E., Brampton
(905)-799-6200

# S & H Health Foods

Canada's Premier Health & Nutrition Stores
Regular Low Prices, Great Selection



Harjinder S. Sandhu
28 Locations To Serve You Across Ontario
**(905) 450-9533**



REXDALE Financial Services



Mr. Om Metha

Mr Jaspal Gahunia

**The Punjabi Daily**

ਬੇਬਾਕ ਪੱਤਰਕਾਰੀ

**ਪੰਜਾਬੀ ਡੇਲੀ**

**Hansra Group Inc.**
1332 Khalsa Dr. #22, Mississauga
ON., Canada L5S-0A2
Tel: 416-661-7272,
Fax: 416-661-7273
www.PunjabiDaily.com,
Newsroom@PunjabiDaily.com

Editor-in-Chief: Sukhminder S. Hansra
Editor Sahitak Panna: Dr. Solomon Naz
Sports Editor: Bubby Mondair
Photographer: Surinder S. Pabla
Marketing: Munish Tegi, Goga Gahunia
Videography: Sam Virk
UK Rep: Manpreet Singh
USA: Pritam Singh
Punjab: Gurinderjit S. Peerjain
Punjab: S. Singh
Edmonton: Jarnail S. Basota
B.C.: Gurpreet S. Sahota

We are member:
ਪੰਜਾਬੀ ਪ੍ਰੈੱਸ ਕਲੱਬ
Punjabi Press Club Of Canada

**www.Hansra.ca**

The Punjabi Daily is an independent newspaper serves the Punjabi speaking population with news, views, opinions and editorials. PD takes no responsibility for any error or emission. All news, articles and opinions published are those of the writers.

**Advisory Board**

Avtar S. Punia
Sukhdev S. Gill
Gurnail Singh
Palwinder S. Verraich
Balkaran Singh Gill
Kulwant Singh
Ranjit S. Mann
Inderjit S. Bal
Sukhjinder Singh
Karnail Singh

# ਸਕਾਟਲੈਂਡ ਵਿੱਚ ਇਤਿਹਾਸਕ ਰਾਇਸ਼ੁਮਾਰੀ

ਪੱਛਮੀ ਜਮਹੂਰੀਅਤ ਦੇ ਇਤਿਹਾਸ ਵਿੱਚ ਅੱਜ ਇੱਕ ਨਵਾਂ ਅਧਿਆਇ ਜੁੜਨ ਜਾ ਰਿਹਾ ਹੈ। ਭਾਰਤ ਵਿੱਚ ਇੱਕ ਕਹਾਵਤ ਸੀ ਕਿ ਅੰਗਰੇਜ਼ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ ਸੀ। ਇਸ ਮਹਾਂਸਾਮਰਾਜ ਦੇ ਪ੍ਰਤੀਕ ਯੂਨਾਈਟਿਡ ਕਿੰਗਡਮ ਆਫ ਗ੍ਰੇਟ ਬ੍ਰਿਟੇਨ (ਯੂ. ਕੇ.) ਨੂੰ ਹੁਣ ਆਪਣੇ ਹੀ ਬਾਸ਼ਿੰਦਿਆਂ ਨੂੰ ਨਾਲ ਰੱਖਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਕਾਟਲੈਂਡ ਦੇ ਲਗਪਗ 43 ਲੱਖ ਵੋਟਰ ਯੂਨਾਈਟਿਡ ਕਿੰਗਡਮ ਆਫ ਗ੍ਰੇਟ ਬ੍ਰਿਟੇਨ ਤੋਂ ਅਲੱਗ ਹੋਣ ਜਾਂ ਇਸ ਦੇ ਨਾਲ ਰਹਿਣ ਲਈ ਅੱਜ ਵੋਟ ਪਾਉਣਗੇ। ਜੇ ਬਹੁਗਿਣਤੀ ਯੂ. ਕੇ. ਤੋਂ ਅਲੱਗ ਹੋਣ ਦੇ ਪੱਖ ਵਿੱਚ ਵੋਟ ਦੇ ਦਿੰਦੀ ਹੈ ਤਾਂ 307 ਸਾਲ ਪੁਰਾਣਾ ਇਹ ਦੇਸ਼ ਟੁੱਟ ਜਾਵੇਗਾ। ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਇਕੱਠ ਨਾਲ ਬਣਿਆ ਗ੍ਰੇਟ ਬ੍ਰਿਟੇਨ ਦੋਵਾਂ ਹਿੱਸਿਆਂ ਤਕ ਸੀਮਤ ਰਹਿ ਜਾਵੇਗਾ। ਸਕਾਟਲੈਂਡ ਤੋਂ ਵੱਖ ਹੋਣ ਵਾਲਿਆਂ ਨੇ ਹਾਂ ਅਤੇ ਯੂ. ਕੇ. ਦੇ ਨਾਲ ਰਹਿਣ ਦੇ ਪੱਖੀਆਂ ਨੇ ਨਾਂਹ ਵਿੱਚ ਵੋਟ ਦੇਣੀ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰਾਨ ਸਮੇਤ ਯੂ.ਕੇ. ਦੀਆਂ ਲਗਪਗ ਸਾਰੀਆਂ ਕੌਮੀ ਪਾਰਟੀਆਂ ਮੱਤਭੇਦ ਭੁਲਾ ਕੇ ਯੂ.ਕੇ. ਨੂੰ ਇਕੱਠਾ ਰੱਖਣ ਲਈ ਸਿਰਤੋੜ ਯਤਨ ਕਰ ਰਹੀਆਂ ਹਨ ਅਤੇ ਸਕਾਟਿਸ਼ ਨੈਸ਼ਨਲ ਪਾਰਟੀ ਅਤੇ ਸਕਾਟਲੈਂਡ ਤੇ ਪ੍ਰਥਮ ਮਨਿਸਟਰ ਅਲੈਕਸ ਸਲਮੰਡ ਅਤੇ ਹੋਰ ਸਥਾਨਕ ਪਾਰਟੀਆਂ ਇਸ ਇਤਿਹਾਸਕ ਮੌਕੇ ਨੂੰ ਹੱਥੋਂ ਨਾ ਜਾਣ ਲਈ ਵੋਟਰਾਂ ਨੂੰ ਪ੍ਰੇਰਿਤ ਕਰ ਰਹੀਆਂ ਹਨ।

ਸਕਾਟਲੈਂਡ ਦਾ ਯੂ.ਕੇ. ਨਾਲ ਇੱਕ ਦੇਸ਼ ਵਜੋਂ ਜੁੜਨ ਦਾ ਫ਼ੈਸਲਾ 1707 ਵਿੱਚ ਹੋਇਆ ਸੀ। ਯੂ.ਕੇ. ਦੇ ਹਾਊਸ ਆਫ ਕਾਮਨਜ਼ ਦੇ ਕੁੱਲ ਚੁਣੇ ਹੋਏ 650 ਮੈਂਬਰਾਂ ਵਿੱਚ ਸਕਾਟਲੈਂਡ ਦੇ 59 ਮੈਂਬਰ ਹੁੰਦੇ ਹਨ। ਟੈਕਸਾਂ, ਸਮਾਜਿਕ ਸੁਰੱਖਿਆ, ਰੱਖਿਆ ਮਾਮਲੇ, ਅੰਤਰਰਾਸ਼ਟਰੀ ਸਬੰਧ ਅਤੇ ਬ੍ਰਾਡਕਾਸਟਿੰਗ ਆਦਿ ਮੁੱਦਿਆਂ ਉੱਤੇ ਕਾਨੂੰਨ ਬਣਾਉਣ ਦੀ ਤਾਕਤ ਯੂ.ਕੇ. ਪਾਰਲੀਮੈਂਟ ਕੋਲ ਹੈ ਜਦੋਂਕਿ ਬਾਕੀ ਮੁੱਦਿਆਂ ਉੱਤੇ ਸਕਾਟਿਸ਼ ਪਾਰਲੀਮੈਂਟ ਕਾਨੂੰਨ ਬਣਾ ਸਕਦੀ ਹੈ। ਬਰਤਾਨੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਵੱਲੋਂ ਮੁਕਤ ਬਾਜ਼ਾਰ ਦੀ ਅਰਥ-ਵਿਵਸਥਾ ਨੂੰ ਲਾਗੂ ਕਰਨ ਨਾਲ ਸਿਹਤ ਸਹੂਲਤਾਂ ਅਤੇ ਰੁਜ਼ਗਾਰ ਉੱਤੇ ਪਏ ਦੁਰਪ੍ਰਭਾਵ ਦਾ ਮੁੱਦਾ ਆਜ਼ਾਦੀ ਪਸੰਦਾਂ ਦੇ ਪ੍ਰਚਾਰ ਦਾ ਮੁੱਖ ਮੁੱਦਾ ਹੈ। ਸੰਨ 2011 ਵਿੱਚ ਸਕਾਟਿਸ਼ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਨੂੰ ਭਾਰੀ ਬਹੁਮਤ ਮਿਲਿਆ ਅਤੇ ਅਲੈਕਸ ਸਲਮੰਡ ਨੂੰ ਫਸਟ ਮਨਿਸਟਰ ਨਾਮਜ਼ਦ ਕੀਤਾ ਗਿਆ। ਸਕਾਟਿਸ਼ ਨੈਸ਼ਨਲ ਪਾਰਟੀ ਪਹਿਲਾਂ ਤੋਂ ਹੀ ਅਲੱਗ ਹੋਣ ਦੇ ਪੱਖ ਵਿੱਚ ਸੀ ਅਤੇ ਰਾਇਸ਼ੁਮਾਰੀ ਦਾ ਫ਼ੈਸਲਾ ਵੀ ਇਸੇ ਕਾਰਨ ਸੰਭਵ ਹੋ ਸਕਿਆ ਹੈ। ਪਾਰਟੀ ਦਾ ਇਹ ਕਹਿਣਾ ਹੈ ਕਿ ਯੂ.ਕੇ. ਨਾਲ ਰਹਿਣ ਅਤੇ ਉਸ ਦੀਆਂ ਨੀਤੀਆਂ ਲਾਗੂ ਕਰਨ ਨਾਲ ਸਕਾਟਲੈਂਡ ਦੇ ਬਾਸ਼ਿੰਦਿਆਂ ਦਾ ਵਿਕਾਸ ਨਹੀਂ ਹੋਇਆ। ਟੈਕਸ ਲਗਾਉਣ ਸਮੇਤ ਮਹੱਤਵਪੂਰਨ ਅਧਿਕਾਰ ਯੂ.ਕੇ. ਦੀ ਪਾਰਲੀਮੈਂਟ ਅਤੇ ਸਰਕਾਰ ਨੇ ਲੈ ਰੱਖੇ ਹਨ। ਆਜ਼ਾਦ ਹੋ ਕੇ ਸਕਾਟਲੈਂਡ ਦਾ ਵਿਕਾਸ ਤੇਜ਼ੀ ਨਾਲ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪ੍ਰਧਾਨ ਮੰਤਰੀ ਡੇਵਿਡ ਕੈਮਰਾਨ ਨੇ ਪ੍ਰਚਾਰ ਮੁਹਿੰਮ ਦੇ ਅਖ਼ੀਰ ਵਿੱਚ ਸਕਾਟਲੈਂਡ ਨੂੰ ਹੋਰ ਅਧਿਕਾਰ ਦੇਣ ਦਾ ਵਾਅਦਾ ਕੀਤਾ ਹੈ। ਜਜ਼ਬਾਤੀ ਅਪੀਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਸਦਾ ਨਹੀਂ ਰਹਿਣਗੇ, ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਸਦਾ ਨਹੀਂ ਰਹੇਗੀ ਪਰ ਜੇ ਸਕਾਟਲੈਂਡ ਯੂ.ਕੇ.ਨਾਲੋਂ ਵੱਖ ਹੋ ਗਿਆ ਤਾਂ ਇਹ ਬਟਵਾਰਾ ਸਦਾ ਰਹਿਣ ਵਾਲਾ ਹੋ ਜਾਵੇਗਾ। ਦੂਜੇ ਪਾਸੇ ਸਲਮੰਡ ਸਕਾਟਲੈਂਡ ਨੂੰ ਹੋਰ ਅਧਿਕਾਰ ਦੇਣ ਦੀ ਪੇਸ਼ਕਸ਼ ਨੂੰ ਸਿਆਸੀ ਭ੍ਰਿਸ਼ਟਾਚਾਰ ਕਰਾਰ ਦੇ ਰਹੇ ਹਨ। ਇਸ ਤਰਕ ਨੂੰ ਚੁਣੌਤੀ ਦਿੰਦਿਆਂ ਉਹ ਸਕਾਟਿਸ਼ ਲੋਕਾਂ ਨੂੰ ਇਹ ਮੌਕਾ ਗੁਆਉਣ ਤੋਂ ਬਾਅਦ ਹੋਣ ਵਾਲੇ ਨੁਕਸਾਨ ਦਾ ਵਾਸਤਾ ਦੇ ਰਹੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਕੈਨੇਡਾ ਦੇ ਫਰੈਂਚ ਭਾਸ਼ਾਈ ਬਹੁਗਿਣਤੀ ਵਾਲੇ ਸੂਬੇ ਕਿਊਬਿਕ ਵਿੱਚ ਵੀ ਕੈਨੇਡਾ ਨਾਲੋਂ ਅਲੱਗ ਹੋਣ ਦੇ ਮੁੱਦੇ ਉੱਤੇ 1995 ਵਿੱਚ ਰਾਇਸ਼ੁਮਾਰੀ ਹੋਈ ਸੀ। ਅੱਧ ਫ਼ੀਸਦੀ ਦੇ ਨਾਮਾਤਰ ਅੰਤਰ ਨਾਲ ਆਜ਼ਾਦੀ ਪਸੰਦਾਂ ਦਾ ਪ੍ਰਸਤਾਵ ਰੱਦ ਹੋ ਗਿਆ ਸੀ। ਇਸ ਮੌਕੇ ਕੈਨੇਡਾ ਸਰਕਾਰ ਨੇ ਆਖ਼ਰੀ ਸਮੇਂ ਕਿਊਬਿਕ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ ਜੋ ਪੂਰੇ ਨਾ ਹੋਏ ਅਤੇ ਲੋਕ ਇਤਿਹਾਸਕ ਮੌਕਾ ਖੁੰਝਾ ਬੈਠੇ ਸਨ।

ਆਰਥਿਕ ਮੰਦਵਾੜੇ ਦੇ ਦੌਰ ਵਿੱਚ ਹੋ ਰਹੀ ਇਸ ਰਾਇਸ਼ੁਮਾਰੀ ਵਿੱਚ ਸਿਆਸੀ ਅਤੇ ਆਰਥਿਕ ਮੁੱਦਿਆਂ ਉੱਤੇ ਵੀ ਲਗਾਤਾਰ ਬਹਿਸ ਜਾਰੀ ਹੈ। ਆਜ਼ਾਦੀਪ੍ਰਸਤ ਸਕਾਟਿਸ਼ ਲੋਕਾਂ ਨਾਲ ਵਾਅਦਾ ਕਰ ਰਹੇ ਹਨ ਕਿ ਅਲੱਗ ਹੋਣ ਤੋਂ ਬਾਅਦ ਸਿਹਤ ਵਿੱਚ ਪਬਲਿਕ ਸੈਕਟਰ ਦਾ ਦਖ਼ਲ ਵਧਾਇਆ ਜਾਵੇਗਾ। ਨਿੱਜੀਕਰਨ ਦੀ ਅੰਨ੍ਹੇਵਾਹ ਮੁਹਿੰਮ ਨੂੰ ਰੋਕਿਆ ਜਾਵੇਗਾ ਅਤੇ ਸੱਭ ਨੂੰ ਸਿਹਤ ਬੀਮੇ ਦੇ ਦਾਇਰੇ ਵਿੱਚ ਲਿਆਂਦਾ ਜਾਵੇਗਾ। ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣਗੇ।

ਸਕਾਟਲੈਂਡ ਦੀਆਂ ਵੱਡੀਆਂ ਅਖ਼ਬਾਰਾਂ ਵੱਲੋਂ ਕੀਤੇ ਜਾ ਰਹੇ ਸਰਵੇਖਣਾਂ ਅਨੁਸਾਰ ਅਜੇ ਤਕ ਆਜ਼ਾਦੀ ਪਸੰਦਾਂ ਦਾ ਪੱਲੜਾ ਭਾਰੀ ਨਜ਼ਰ ਆਉਂਦਾ ਹੈ। 16-17 ਸਾਲਾਂ ਦੀ ਨਵੀਂ ਪੀੜ੍ਹੀ ਅਲੱਗ ਹੋਣ ਦੇ ਪੱਖ ਵਿੱਚ ਘੱਟ ਹੈ ਪਰ ਵੱਡੀ ਉਮਰ ਦੇ ਲੋਕ ਅਲੱਗ ਦੇਸ਼ ਦੇ ਹੱਕ ਵਿੱਚ ਹਨ। ਕੌਮਾਂਤਰੀ ਮਾਮਲਿਆਂ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਜੇ ਸਕਾਟਲੈਂਡ ਅਲੱਗ ਹੋ ਜਾਂਦਾ ਹੈ ਤਾਂ ਅੰਤਰਰਾਸ਼ਟਰੀ ਅਤੇ ਖ਼ਾਸ ਕਰਕੇ ਯੂਰਪ ਵਿੱਚ ਨਵੇਂ ਸਮੀਕਰਨ ਬਣਨਗੇ। ਯੂ.ਕੇ. ਦਾ ਯੂਰਪੀਨ ਯੂਨੀਅਨ ਵਿੱਚ ਪ੍ਰਭਾਵ ਮੱਧਮ ਪੈ ਜਾਵੇਗਾ। ਯੂਰਪੀਨ ਯੂਨੀਅਨ ਸਕਾਟਲੈਂਡ ਦੀ ਮੈਂਬਰਸ਼ਿਪ ਖ਼ਤਮ ਕਰ ਸਕਦੀ ਹੈ। ਸਕਾਟਲੈਂਡ ਨਾਟੋ ਦਾ ਮੈਂਬਰ ਵੀ ਨਹੀਂ ਰਹੇਗਾ।

ਸਵਾਲ ਇਹ ਹੈ ਕਿ ਅੰਤਰ ਨਿਰਭਰ ਰਾਜਾਂ ਦੇ ਮੌਜੂਦਾ ਦੌਰ ਵਿੱਚ ਵੀ ਪਹਿਲਾਂ ਕਿਊਬਿਕ ਅਤੇ ਹੁਣ ਸਕਾਟਲੈਂਡ ਵਰਗੇ ਖਿੱਤੇ ਆਪੋ-ਆਪਣੀਆਂ ਯੂਨੀਅਨਾਂ ਤੋਂ ਅਲੱਗ ਹੋਣ ਦੀਆਂ ਕੋਸ਼ਿਸ਼ਾਂ ਕਿਉਂ ਕਰ ਰਹੇ ਹਨ? 21 ਵੀਂ ਸਦੀ ਦੇ ਦੌਰ ਵਿੱਚ ਵੀ ਇੱਕ ਗੱਲ ਤਾਂ ਸਪਸ਼ਟ ਹੈ ਕਿ ਉਹ ਆਪੋ-ਆਪਣੀਆਂ ਸਰਕਾਰਾਂ,ਉਨ੍ਹਾਂ ਦੇ ਵਿਹਾਰ ਅਤੇ ਵਿਕਾਸ ਦੇ ਮਾਡਲ ਤੋਂ ਸੰਤੁਸ਼ਟ ਨਹੀਂ ਹਨ। ਯੂ.ਕੇ. ਸਰਕਾਰ ਅਨੁਸਾਰ ਸਕਾਟਲੈਂਡ ਵਿੱਚ ਰੁਜ਼ਗਾਰ ਦੀ ਘਾਟ, ਸਿਹਤ ਸਹੂਲਤਾਂ ਵਿੱਚ ਗਿਰਾਵਟ ਸਮੇਤ ਸਾਰੀਆਂ ਸਮੱਸਿਆਵਾਂ ਲਈ ਕੇਵਲ ਯੂ.ਕੇ. ਸਰਕਾਰ ਹੀ ਜ਼ਿੰਮੇਵਾਰ ਨਹੀਂ ਸਗੋਂ ਕੌਮਾਂਤਰੀ ਆਰਥਿਕ ਮੰਦਵਾੜਾ ਵੀ ਜ਼ਿੰਮੇਵਾਰ ਹੈ।

ਮੁਕਤ ਬਾਜ਼ਾਰ ਦਾ ਆਪਣਾ ਤਰਕ ਹੈ, ਜੋ ਮੁਨਾਫ਼ੇ ਤੋਂ ਇਲਾਵਾ ਹੋਰ ਕਿਸੇ ਗੱਲ ਨੂੰ ਤਰਜੀਹ ਨਹੀਂ ਦਿੰਦਾ। ਸਮਾਜਿਕ ਸੁਰੱਖਿਆ ਦੇ ਪੱਧਰ ਵਿੱਚ ਗਿਰਾਵਟ ਇਸ ਦਾ ਸੁਭਾਵਿਕ ਮੁਕਾਮ ਬਣਦਾ ਹੈ। ਅਜਿਹੀ ਸਥਿਤੀ ਵਿੱਚ ਨਾਗਰਿਕਾਂ ਵਿੱਚ ਬੇਚੈਨੀ ਨੂੰ ਰੋਕਣਾ ਸੰਭਵ ਨਹੀਂ ਹੁੰਦਾ। ਇਨ੍ਹਾਂ ਸਭ ਤਰਕਾਂ ਦੇ ਬਾਵਜੂਦ ਯੂ.ਕੇ. ਦੀ ਸਰਕਾਰ ਵੀ ਇਸ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਪਿਛਲੇ ਲੰਮੇ ਸਮੇਂ ਤੋਂ ਯੂ.ਕੇ. ਨੇ ਅਮਰੀਕਾ ਦੇ ਪਿੱਛੇ ਲੱਗ ਕੇ ਰਾਸ਼ਟਰੀ ਫ਼ੈਸਲਿਆਂ, ਇਰਾਕ ਅਤੇ ਅਫ਼ਗਾਨਿਸਤਾਨ ਦੀ ਜੰਗ ਦਾ ਬਿਨਾਂ ਸ਼ਰਤ ਸਮਰਥਨ ਕੀਤਾ। ਜਿਸ ਨਾਲ ਉਸ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਪਹਿਲਾਂ ਹੀ ਆਰਥਿਕ ਮੰਦੀ ਨਾਲ ਜੂਝ ਰਿਹਾ ਦੇਸ਼ ਗ਼ੈਰ ਉਤਪਾਦਕ ਖ਼ਰਚ ਕਰਕੇ ਆਪਣੇ ਨਾਗਰਿਕਾਂ ਦੀਆਂ ਸੁਵਿਧਾਵਾਂ ਕਿਵੇਂ ਕਾਇਮ ਰੱਖ ਸਕਦਾ ਹੈ?

ਸਕਾਟਲੈਂਡ ਦੀ ਇਸ ਰਾਇਸ਼ੁਮਾਰੀ ਦਾ ਨਤੀਜਾ ਕੋਈ ਵੀ ਹੋਵੇ, ਇੱਕ ਗੱਲ ਤੈਅ ਹੈ ਕਿ ਯੂ.ਕੇ. ਪਹਿਲਾਂ ਵਾਲਾ ਨਹੀਂ ਰਹੇਗਾ। ਜੇ ਆਜ਼ਾਦੀਪ੍ਰਸਤ ਜਿੱਤੇ, ਫਿਰ ਤਾਂ ਯੂਨਾਈਟਿਡ ਕਿੰਗਡਮ ਇੱਕ ਤਰ੍ਹਾਂ ਨਾਲ

(ਬਾਕੀ ਸਫਾ 13 ਤੇ)

# ਗਾਜ਼ਾ ਪੱਟੀ

ਬਲਰਾਜ ਸਿੰਘ ਸਿੱਧੂ ਐਸ.ਪੀ.
9815124449

ਅੱਜਕਲ ਅਖਬਾਰਾਂ ਵਿੱਚ ਇਜਰਾਈਲ ਅਤੇ ਗਾਜ਼ਾ ਪੱਟੀ ਵਿੱਚ ਚੱਲ ਰਹੇ ਵਿਵਾਦ ਬਾਰੇ ਬੜੀਆਂ ਖਬਰਾਂ ਚੱਲ ਰਹੀਆਂ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਇਜ਼ਰਾਈਲ ਵਰਗੀ ਤਾਕਤ ਨਾਲ ਇੱਕ ਛੋਟੇ ਜਿਹੇ ਇਲਾਕੇ ਵਿੱਚ ਵੱਸਦੇ ਮੁੱਠੀ ਭਰ ਲੋਕ ਲੋਹਾ ਲੈ ਰਹੇ ਹਨ।ਆਮ ਲੋਕਾਂ ਨੂੰ ਇਹ ਨਹੀਂ ਪਤਾ ਕਿ ਇਹ ਗਾਜ਼ਾ ਪੱਟੀ ਹੈ ਕਿੱਥੇ।ਗਾਜ਼ਾ ਪੱਟੀ ਖੁਦਮੁਖਤਿਆਰ ਫਿਲਸਤੀਨ ਅਥਾਰਟੀ ਦਾ ਹੀ ਇੱਕ ਹਿੱਸਾ ਹੈ।ਜਿਵੇਂ ਆਜਾਦੀ ਤੋਂ ਬਾਅਦ ਪਾਕਿਸਤਾਨ ਦੋ ਹਿੱਸਿਆਂ ਪੂਰਬੀ੍ਮੌਜੂਦਾ ਬੰਗਲਾਦੇਸ਼ਃਅਤੇ ਪੱਛਮੀ ਪਾਕਿਸਤਾਨ ਵਿੱਚ ਵੰਡਿਆ ਹੋਇਆ ਸੀ, ਇਸੇ ਤਰਾਂ ਫਿਲਸਤੀਨ ਵੀ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਜਰਾਈਲ ਦੇ ਇੱਕ ਪਾਸੇ ਫਿਲਸਤੀਨ੍ਪੱਛਮੀ ਕਿਨਾਰਾਃ ਹੈ ਤੇ ਦੂਜੇ ਪਾਸੇ ਇਸਦਾ ਦੂਸਰਾ ਹਿੱਸਾ ਗਾਜ਼ਾ ਪੱਟੀ ਹੈ।ਇਸਦੇ ਰਾਸ਼ਟਰਪਤੀ ਦਾ ਨਾਂ ਮਹਿਮੂਦ ਅੱਬਾਸ ਅਤੇ ਪ੍ਰਧਾਨ ਮੰਤਰੀ ਦਾ ਨਾਂ ਰਾਮੀ ਹਮਦਲਾਹ ਹੈ।ਇਸਦਾ ਕੁਲ ਏਰੀਆ 360 ਸੁਕੇਅਰ ਕਿ.ਮੀ.ਤੇ ਆਬਾਦੀ ਤਕਰੀਬਨ 180000 ਦੇ ਕਰੀਬ ਹੈ।ਇਸਦੀ ਆਪਣੀ ਕੋਈ ਕਰੰਸੀ ਨਹੀਂ ਹੈ।ਇਥੇ ਇਸ-ਰਾਈਲੀ ਸ਼ੈਕਾਲ ਅਤੇ ਮਿਸਰੀ ਦੀਨਾਰ ਦੀ ਬਤੌਰ ਕਰੰਸੀ ਵਰਤੋਂ ਕੀਤੀ ਜਾਂਦੀ ਹੈ।

ਗਾਜ਼ਾ ਪੱਟੀ ਮੈਡੀਟਰੇਰੀਅਨਸਾਗਰ ਦੇ ਪੂਰਬੀ ਕਿਨਾਰੇ ਤੇ ਸਥਿਤ ਹੈ। ਇਸਦੀ ਸਰਹੱਦ ਦੱਖਣ ਪੱਛਮੀ ਪਾਸੇ 11ਕਿ.ਮੀ.ਮਿਸਰ ਨਾਲ ਅਤੇ ਪੂਰਬ ਤੇ ਉੱਤਰ ਵੱਲ 51 ਕਿ.ਮੀ.ਇਜਰਾਈਲ ਨਾਲ ਲੱਗਦੀ ਹੈ। ਪੁਰਾਣੇ ਸਮੇਂ ਵਿੱਚ ਗਾਜ਼ਾ ਪੱਟੀ ਤੁਰਕੀ ਦੇ ਆਟੋਮਨ ਸਾਮਰਾਜ ਦੇ ਅਧੀਨ ਹੁੰਦੀ ਸੀ ਫਿਰ 1958 ਤੋਂ ਲੈ ਕੇ 1967 ਤੱਕ ਤੱਕ ਇਹ ਮਿਸਰ ਦੇ ਅਧੀਨ ਰਹੀ। 1967 ਦੀ ਜੰਗ ਤੋਂ ਬਾਅਦ ਇਜ਼ਰਾਈਲ ਨੇ ਇਹ ਇਲਾਕਾ ਮਿਸਰ ਤੋਂ ਖੋਹ ਲਿਆ ਤੇ ਇਹ 1994 ਤੱਕ ਇਜ਼ਰਾਈਲ ਦੇ ਅਧੀਨ ਰਿਹਾ। ਇੱਕ ਸੰਧੀ ਰਾਹੀਂ 1994 ਵਿੱਚ ਇਜ਼ਰਾਈਲ ਨੇ ਇਸਨੂੰ ਫਲਸਤੀਨੀ ਸਰਕਾਰ ਦੇ ਅਧੀਨ ਸਵੈ ਸ਼ਾਸ਼ਨ ਦਾ ਅਧਿਕਾਰ ਦੇ ਦਿੱਤਾ। ।ਗਾਜ਼ਾ ਪੱਟੀ ਦੀ ਜਿਆਦਾਤਰ ਆਬਾਦੀ ਫਿਲਸਤੀਨੀ ਰਫਿਊਜੀਸੁੰਨੀ ਮੁਸਲਮਾਨਾਂ ਦੀ ਹੈ। ਗਾਜ਼ਾ ਦੀ ਅਬਾਦੀ ਦੀ ਵਾਧਾ ਦਰ 2.91 % ਹੈ। ਇਸਦੇ ਇਲਾਕਾ ਕੁੱਲ 41 ਕਿ. ਮੀ. ਲੰਬਾ ਤੇ 6 ਤੋਂ 12 ਕਿ.ਮੀ. ਚੌੜਾ ਹੈ। ਇਹ ਸੰਸਾਰ ਦੇ ਸਭ ਤੋਂ ਜਿਆਦਾ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਸ਼ੁਮਾਰ ਹੁੰਦਾ ਹੈ। ਗਾਜ਼ਾ ਦੀਆਂ ਮੌਜੂਦਾ ਹੱਦਾਂ 1948 ਦੀ ਪਹਿਲੀ ਅਰਬ ਇਜ਼ਰਾਈਲੀ ਜੰਗ ਤੋਂ ਬਾਅਦ,1949 ਵਿੱਚ ਹੋਏ ਮਿਸਰ ਇਜ਼ਰਾਈਲ ਸਮਝੌਤੇ ਨਾਲ ਹੋਂਦ ਵਿੱਚ ਆਈਆਂ ਸਨ। 2005 ਵਿੱਚ ਇਜ਼ਰਾਈਲ ਨੇ ਇੱਥੋਂ ਆਪਣੀਆਂ ਫੌਜਾਂ ਬਾਹਰ ਕੱਢ ਲਈਆਂ। 2007 ਤੋਂ ਲੈ ਕੇ ਇਸਤੇ ਹਮਾਸ ਨਾਮੀ ਉਗਰਪੰਥੀ ਜਥੇਬੰਦੀ ਨੇ ਕਬਜਾ ਕੀਤਾ ਹੋਇਆ ਹੈ ਇਹ ਆਪਣੇ ਆਪ ਨੂੰ ਫਿਲਸਤੀਨੀ ਸਰਕਾਰ ਅਤੇ ਗਾਜ਼ਾ ਪੱਟੀ ਦੇ ਨਾਗਰਿਕਾਂ ਦਾ ਅਸਲੀ ਨੁਮਾਇੰਦਾ ਦੱਸਦੀ ਹੈ।

ਹਮਾਸ ਇੱਕ ਕੱਟੜ ਸੁੰਨੀ ਅੱਤਵਾਦੀ ਜਥੇਬੰਦੀ ਹੈ। ਅਮਰੀਕਾ ਨੇ ਵੀ ਇਸਨੂੰ ਅੱਤਵਾਦੀ ਗਰੁੱਪਾਂ ਦੀ ਲਿਸਟ ਵਿੱਚ ਪਾਇਆ ਹੋਇਆ ਹੈ। ਇਸਨੇ ਆਪਣਾ ਉਦੇਸ਼ ਇਜ਼ਰਾਈਲ ਨੂੰ ਦੁਨੀਆਂ ਦੇ ਨਕਸ਼ੇ ਤੋਂ ਮਿਟਾਉਣਾ ਘੋਸ਼ਿਤ ਕੀਤਾ ਹੋਇਆ ਹੈ। ਹਮਾਸ ਨੇ 2001 ਵਿੱਚ ਇਜ਼ਰਾਈਲ ਤੇ ਰਾਕਟ ਦਾਗਣ ਦੀ ਸ਼ੁਰੂਆਤ ਕੀਤੀ ਸੀ।ਹੁਣ ਤੱਕ ਇਹ ਹਜ਼ਾਰਾਂ ਰਾਕਟ ਇਜ਼ਰਾਈਲ ਤੇ ਦਾਗ ਚੁੱਕਾ ਹੈ। ਇਹਨਾਂ ਰਾਕਟਾਂ ਨੂੰ ਲੋਕਲ ਬੋਲੀ ਵਿੱਚ ਕਸਮ ਕਿਹਾ ਜਾਂਦਾ ਹੈ। ਪਹਿਲਾਂ ਪਹਿਲ ਇਸਦੇ ਦੇਸੀ ਰਾਕਟ ਘਟੀਆ ਕਵਾਲਟੀ ਦੇ ਸਨ ਤੇ ਬਹੁਤ ਛੋਟੀ ਰੇਂਜ ਤੱਕ ਮਾਰ ਕਰਦੇ ਸਨ। ਇਹ ਘਰਾਂ ਵਿੱਚ ਹੀ ਤਿਆਰ ਕੀਤੇ ਜਾਂਦੇ ਸਨ।ਇਹ ਗਾਜ਼ਾ ਸਰਹੱਦ ਦੇ ਨਾਲ ਲਗਦੀਆਂ ਇਜ਼ਰਾਈਲੀ ਆਬਾਦੀਆਂ ਤੱਕ ਹੀ ਪਹੁੰਚਦੇ ਸਨ।2006 ਵਿੱਚ ਜਿਆਦਾ ਉੱਨਤ ਤਕਨੀਕ ਵਾਲੇ ਰਾਕਟ ਵਰਤੇ ਜਾਣ ਲੱਗੇ ਤੇ ਇਹ ਬੰਦਰਗਾਹ ਸ਼ਹਿਰ ਅਸ਼ਕੇਲੋਨ ਤੱਕ ਮਾਰ ਕਰਨ ਲੱਗੇ। 2009 ਤੱਕ ਹਮਾਸ ਦੇ ਰਸ਼ੀਅਨ ਮੇਡ ਕਾਤਿਊਸ਼ਾ, ਲੋਕਲ ਮੇਡ ਡਬਲਿਊ ਐੱਸ 1 ਬੀ ਤੇ ਗਰੈਡ ਰਾਕਟ ਵੱਡੇ ਸ਼ਹਿਰਾਂਐਸ਼ਡੋਦ ਤੇ ਬੀਰਸ਼ੇਬਾ ਤੱਕ ਮਾਰ ਕਰਨ ਲੱਗੇ।2012 ਵਿੱਚ ਜੇਰੂਸ਼ਲਮ ਤੇ ਤੈਲਅਵੀਵ ਐਮ-75 ਤੇ ਇਰਾਨੀ ਫਜ਼ਰ-5 ਰਾਕਟਾਂ ਦੀ ਮਾਰ ਹੇਠ ਆ ਗਏ।ਜੁਲਾਈ 2014 ਵਿੱਚ ਪਹਿਲੀ ਵਾਰ ਉੱਤਰੀ ਸ਼ਹਿਰ ਹਾਈਫਾ ਵੀ ਹਮਾਸ ਦੇ ਰਾਕਟਾਂ ਦੀ ਮਾਰ ਹੇਠ ਆ ਗਿਆ। ਫੌਜੀ ਤੇ ਸਿਵਲ ਆਬਾਦੀ ਵਿੱਚ ਕੋਈ ਫਰਕ ਨਾ ਕਰਨ ਕਰਕੇ ਇਹਨਾਂ ਰਾਕਟ ਹਮਲਿਆਂ ਦਾ ਵਿਸ਼ਵ ਪੱਧਰ ਤੇ ਬਹੁਤ ਬੁਰਾ ਮਨਾਇਆ ਗਿਆ ਹੈ। ਵਿਸ਼ਵ ਦੀਆਂ ਤਕਰੀਬਨ ਸਾਰੀਆਂ ਇਨਸਾਨ ਦਰਦੀ ਸੰਸਥਾਵਾਂ ਨੇ ਇਹਨਾਂ ਹਮਲਿਆਂ ਨੂੰ ਬੁਰੀ ਤਰਾਂ ਭੰਡਿਆ ਹੈ।

ਇਹਨਾਂ ਰਾਕਟ ਹਮਲਿਆਂ ਵਿੱਚ ਅਨੇਕਾਂ ਮਨੁੱਖੀ ਜਾਨਾਂ ਗਈਆਂ ਹਨ। ਹਜ਼ਾਰਾਂ ਲੋਕ ਜਖਮੀ ਹੋਏ ਹਨ। ਭਾਵੇਂ ਇਹਨਾਂ ਹਮਲਿਆਂ ਦਾ ਜਾਨੀ ਨੁਕਸਾਨ ਘੱਟ ਹੈ, ਪਰ ਮਾਨਸਿਕ ਨੁਕਸਾਨ ਬਹੁਤ ਹੀ ਘਾਤਕ ਹੋ ਰਿਹਾ ਹੈ। ਇਜ਼ਰਾਈਲੀ ਨਾਗਰਿਕਾਂ ਦੀ ਰੋਜਮਰ੍ਹਾ ਦੀ ਜਿੰਦਗੀ ਇੱਕ ਤਰਾਂ ਬਿਖਰ ਕੇ ਰਹਿ ਗਈ ਹੈ। ਬਾਰ ਬਾਰ ਹਵਾਈ ਹਮਲੇ ਦਾ ਸਾਇਰਨ ਵੱਜਣ ਤੇ ਲੋਕਾਂ ਨੂੰ ਕੰਮਕਾਰ ਛੱਡਕੇ ਬੰਕਰਾਂ ਤੇ ਤਹਿਖਾਨਿਆਂ ਵਿੱਚ ਛਿਪਣ ਲਈ ਦੌੜਨਾ ਪੈਂਦਾ ਹੈ। ਗਾਜ਼ਾ ਪੱਟੀ ਦੇ ਨਜਦੀਕੀ ਇਜ਼ਰਾਈਲੀ ਸ਼ਹਿਰ ਸਡੇਰੋਤ ਸਮੇਤ ਅਨੇਕਾਂ ਸਰਹੱਦੀ ਸ਼ਹਿਰਾਂ ਵਿੱਚ ਕੀਤੀ ਗਏ ਸਰਵੇ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ 50ਗ਼ ਦੇ ਕਰੀਬ ਜਵਾਨ ਤੇ ਬੱਚੇ ਦਿਮਾਗੀ ਗੜਬੜ ਤੇ ਘਬਰਾਹਟ ਦੇਸ਼ਿਕਾਰ ਹੋ ਗਏ ਹਨ। ਇਸਤੋਂ ਇਲਾਵਾ ਡਿਪਰੈਸ਼ਨ ਤੇ ਗਰਭਪਾਤ ਦੇ ਮਾਮਲੇ ਵੀ ਨਿਰੰਤਰ ਵਧਦੇ ਜਾ ਰਹੇ ਹਨ। ਦੂਜੇ ਪਾਸੇ ਗਾਜ਼ਾ ਪੱਟੀ ਵਿੱਚ ਕੀਤੇ ਸਰਵੇ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਗਿਣਤੀ ਆਬਾਦੀ ਇਹਨਾਂ ਹਮਲਿਆਂ ਦੇ ਖਿਲਾਫ ਹੈ। ਉਹ ਸ਼ਾਂਤੀ ਨਾਲ ਆਪਣੀ ਜ਼ਿੰਦਗੀ ਬਸਰ ਕਰਨਾ ਚਾਹੁੰਦੇ ਹਨ। ਇਜ਼ਰਾਈਲ ਨੂੰ ਆਪਣੇ ਨਾਗਰਿਕਾਂ ਨੂੰ ਇਹਨਾਂ ਹਵਾਈ ਤੋਂ ਸੁਰੱਖਿਅਤ ਰੱਖਣ ਲਈ ਅਨੇਕਾਂ ਤਕਨੀਕਾਂ ਤੇ ਸੂਖਮ ਹਥਿਆਰ ਵਿਕਸਤ ਕਰਨ ਲਈ ਕਰੋੜਾਂ ਡਾਲਰ ਫੂਕਣੇ ਪੈ ਰਹੇ ਹਨ। ਸਕੂਲਾਂ ਤੇ ਬੱਸ ਅੱਡਿਆਂ ਨੂੰ ਰਾਕਟਾਂ ਤੋਂ ਬਚਾਉਣ ਲਈ ਕਿਲੇਬੰਦ ਕੀਤਾ ਗਿਆ ਹੈ।ਰਾਕਟ ਹਮਲੇ ਦੀ ਅਗਾਊਂ ਸੂਚਨਾਂ ਦੇਣ ਕਈ ਰੈੱਡ ਕਲਰ ਨਾਮਕ ਅਲਾਰਮ ਸਿਸਟਮ ਵਿਕਸਤ ਕੀਤਾ ਗਿਆ ਹੈ। ਇਜ਼ਰਾਈਲੀ ਵਿਗਿਆਨੀਆਂ ਨੇ ਛੋਟੇ ਰਾਕਟਾਂ ਨੂੰ ਹਵਾ ਵਿੱਚ ਹੀ ਤਬਾਹ ਕਰਨ ਵਾਲਾ ਬੜਾ ਕਾਰਗਰ ਆਇਰਨ ਡੋਮ ਨਾਮਕ ਮਿਜ਼ਾਇਲ ਸਿਸਟਮ ਵਿਕਸਤ ਕੀਤਾ ਹੈ।ਇਸਨੂੰ ਸਭ ਤੋਂ ਪਹਿਲਾਂ 2011 ਵਿੱਚ ਬੀਰਸ਼ੇਬਾ ਅਤੇ ਅਸ਼ਕੇਲੋਨ ਨਾਮੀ ਸ਼ਹਿਰਾਂ ਦੀ ਸੁਰੱਖਿਆ ਲਈ ਤਾਇਨਾਤ ਕੀਤਾ ਗਿਆ ਸੀ। ਨਿਰਸ਼ਾਵਾਦੀਆਂ ਦੀ ਨੁਕਤਾਚੀਨੀ ਦੇ ਬਾਵਜੂਦ ਇਹ ਸਿਸਟਮ ਬੜਾ ਕਾਰਗਰ ਸਿੱਧ ਹੋਇਆ ਹੈ। ਇਸ ਦੁਆਰਾ ਬਹੁਤੇ ਹਮਾਸ ਰਾਕਟ ਹਵਾ ਵਿਚ ਹੀ ਤਬਾਹ ਕਰ ਦਿੱਤੇ ਜਾਂਦੇ ਹਨ। ਹਮਾਸ ਦੇ ਨਿੱਤ ਦੇ ਹਮਲਿਆਂ ਤੋਂ ਦੁਖੀ ਹੋ ਕੇ ਇਜ਼ਰਾਈਲ ਨੇ ਗਾਜ਼ਾ ਪੱਟੀ ਤੇ ਕਈ ਵਾਰ ਹਵਾਈ ਤੇ ਜ਼ਮੀਨੀ ਹਮਲੇ ਕੀਤੇ ਹਨ। ਇਜ਼ਰਾਈਲ ਨੇ ਮਈ 2004, 2006, 2008, 2009, 2012 ਅਤੇ ਹੁਣ ਮੌਜੂਦਾ 2014 ਵਾਲਾ ਉਪਰੇਸ਼ਨ ਪ੍ਰੋਟੈਕਟਿਵ ਅੱਜ ਸ਼ੁਰੂ ਕੀਤਾ ਹੈ।ਇਸ ਵਾਰ ਇਜ਼ਰਾਈਲ ਨੇ ਗਾਜ਼ਾ ਪੱਟੀ ਤੇ ਜਿਆਦਾਤਰ ਹਵਾਈ ਹਮਲੇ ਕੀਤੇ ਹਨ। ਇਹਨਾਂ ਹਮਲਿਆਂ ਵਿੱਚ ਜਾਨ ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਅੱਤਵਾਦੀਆਂ ਦੇ ਨਾਲ ਨਾਲ 1500 ਤੋਂ ਵੱਧ ਬੇਕਸੂਰ ਆਦਮੀ ਔਰਤਾਂ ਤੇ ਮਾਸੂਮ ਬੱਚੇ ਮਾਰੇ ਜਾ ਚੁੱਕੇ ਹਨ।ਇਜ਼ਰਾਈਲ ਨੇ ਹੁਣ ਪੈਦਲ ਹਮਲਾ ਕਰ ਦਿੱਤਾ ਹੈ।ਹੁਣ ਤੱਕ ਇਸਦੇ 50 ਤੋਂ ਉਪਰ ਸੈਨਿਕ ਗਾਜ਼ਾ ਪੱਟੀ ਵਿੱਚ ਹਮਾਸ ਦੇ ਹੱਥੋਂ ਮਾਰੇ ਜਾ ਚੁੱਕੇ ਹਨ। ਬੁਰੀ ਗੱਲ ਇਹ ਹੈ ਕਿ ਹਮਾਸ ਅਤੇ ਇਜ਼ਰਾਈਲ, ਦੋਵਾਂ ਦੇ ਹਮਲਿਆਂ ਵਿੱਚ ਆਮ ਨਾਗਰਿਕ ਹੀ ਪਿਸ ਰਹੇ ਹਨ।

ਗਾਜ਼ਾ ਪੱਟੀ ਦੀ ਤਰਾਸਦੀ ਇਹ ਹੈ ਕਿ ਬਾਕੀ ਸੰਸਾਰ ਨਾਲ ਇਸਦਾ ਜਮੀਨੀ ਸੰਪਰਕ ਸਿਰਫ ਇਜ਼ਰਾਈਲ ਜਾਂ ਮਿਸਰ ਦੇ ਰਾਹੀਂ ਹੀ ਹੈ।ਦੋਹਾਂ ਦੇਸ਼ਾਂ ਨੇ ਇਸਦੀ ਨਾਕਾਬੰਦੀ ਕੀਤੀ ਹੋਈ ਹੈ।ਇਸ ਨਾਕਾਬੰਦੀ ਤੋਂ ਨਿਜ਼ਾਤ ਪਾਉਣ ਲਈ ਗਾਜ਼ਾ ਵਾਸੀਆਂ ਅਤੇ ਹਮਾਸ ਨੇ ਸੁਰੰਗਾਂ ਦਾ ਜਾਲ ਵਿਛਾਇਆ ਹੋਇਆ ਹੈ। ਇਹ ਸੁਰੰਗਾਂ ਮਿਸਰ ਅਤੇ ਇਜ਼ਰਾਈਲ ਦੇ ਅੰਦਰ ਕਾਫੀ ਦੂਰ ਤੱਕ ਫੈਲੀਆਂ ਹੋਈਆਂ ਹਨ। ਇਹ ਸੁਰੰਗਾਂ ਹੀ ਹਮਾਸ ਦੀ ਸਫਲਤਾ ਦਾ ਕਾਰਨ ਹਨ। ਇਹਨਾਂ ਰਾਹੀਂ ਰੋਜਮਰ੍ਹਾ ਦੀ ਵਰਤੋਂ ਵਾਲਾ ਸਮਾਨ ਅਤੇ ਹਥਿਆਰ ਸਮਗਲ ਕਰਕੇ ਗਾਜ਼ਾ ਪੱਟੀ ਵਿੱਚ ਲਿਆਂਦੇ ਜਾਂਦੇ ਹਨ। ਮਿਸਰ ਤੇ ਇਜ਼ਰਾਈਲ ਲੱਖ ਕੋਸ਼ਿਸ਼ ਕਰਨ ਤੇ ਵੀ ਇਹਨਾਂ ਸੁਰੰਗਾਂ ਦੇ ਜਾਲ ਨੂੰ ਨਹੀਂ ਤੋੜ ਸਕੇ। ਇਜ਼ਰਾਈਲ ਨੇ ਪੈਦਲ ਹਮਲਾ ਬੜੇ ਜੋਸ਼ ਨਾਲ ਇਹ ਸੋਚ ਕੇ ਕੀਤਾ ਸੀ ਕਿ ਇਸਨਾਲ ਰਾਕਟ ਹਮਲੇ ਬੰਦ ਹੋ ਜਾਣਗੇ ਤੇ ਸੁਰੰਗਾਂ ਤਬਾਹ ਕਰ ਦਿੱਤੀਆਂ ਜਾਣਗੀਆਂ। ਪਰ ਉਸਨੂੰ ਮੂੰਹ ਦੀ ਖਾਣੀ ਪਈ ਹੈ।60 ਤੋਂ ਉਪਰ ਸੈਨਿਕ ਮਰਵਾ ਕੇ ਵੀ ਉਸਦੇ ਹੱਥ ਕੁਝ ਨਹੀਂ ਆਇਆ।ਰਾਕਟ ਹਮਲੇ ਪਹਿਲਾਂ ਤੋਂ ਵੀ ਤੇਜ ਹੋ ਗਏ ਹਨ। ਪਿਛਲੇ ਦਿਨੀਂ ਯੇਰੂਸ਼ਲਮ ਦੇ ਬੇਨ ਗੁਰੀਅਨ ਇੰਟਰਨੈਸ਼ਨਲ ਹਵਾਈ ਅੱਡੇ ਦੇ ਬਿਲਕੁਲ ਨਜਦੀਕ ਹਮਾਸ ਦੁਆਰਾ ਦਾਗਿਆ ਰਾਕਟ ਫਟਣ ਕਾਰਨ ਕਈ ਹਵਾਈ ਕੰਪਨੀਆਂ ਨੇ ਆਪਣੀਆਂ ਉਡਾਨਾਂ ਇਜ਼ਰਾਈਲ ਤੋਂ ਬੰਦ ਕਰ ਦਿੱਤੀਆਂ ਸਨ। ਫੌਜੀ ਸਫਲਤਾ ਨਾਂ ਮਿਲਣ ਕਰਕੇ ਇਜ਼ਰਾਈਲ ਹਮਾਸ ਤੇ ਗਾਜ਼ਾ ਵਾਸੀਆਂ ਨੂੰ ਸਬਕ ਸਿਖਾਉਣ ਲਈ ਜੰਗੀ ਅਪਰਾਧਾਂ ਦੀ ਸ਼੍ਰੇਣੀ ਦੇ ਜੁਲਮ ਕਰ ਰਿਹਾਹੈ।ਅਜੇ ਤੱਕ ਇਹ ਹਮਾਸ ਦੇ ਕਿਸੇ ਵੀ ਪ੍ਰਮੁੱਖ ਅੱਤਵਾਦੀ ਨੂੰ ਮਾਰਨ ਜਾਂ ਪਕੜਨ ਵਿੱਚ ਸਫਲ ਨਹੀਂ ਹੋਇਆ। ਖਿਝਕੇ ਇਜ਼ਰਾਈਲ ਨੇ ਆਮ ਆਬਾਦੀ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਹੈ। ਇਸਦੀ ਅੰਨੇਵਾਹ ਕੀਤੀ ਜਾ ਰਹੀ ਬੰਬਾਰੀ ਕਾਰਨ ਅਨੇਕਾਂ ਬੇਕਸੂਰ ਪਰਿਵਾਰ ਪੂਰੇ ਦੇ ਪੂਰੇ ਖਤਮ ਹੋ ਗਏ ਹਨ। ਨੱਬੇ ਫੀਸਦੀ

(ਬਾਕੀ ਸਫਾ 13 ਤੇ)

Ad Here $49 /Month

# Classified ਕਲਾਸੀਫਾਈਡ

Ad Here $49 /Month

### ਲੜਕੀ ਦੀ ਲੋੜ

ਸੈਣੀ ਪ੍ਰੀਵਾਰ ਦਾ ਗੁਰਸਿੱਖ ਲੜਕਾ, ਉਮਰ 28 ਸਾਲ, ਇੰਡੀਆ ਵਿੱਚ ਰਹਿੰਦਾ ਹੈ, ਲਈ ਕਨੇਡੀਅਨ ਸਿ-ਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। 647-234-7559 ਜਾਂ 905-230-7559

### Boy Needed

Goldsmith girl age 23, Height 5.5", Graduated from India in science and has completed her study in Canada, also have 3 year work permit looking for well setteled immigrant boy in Canada. Contact : 011919814869515

### Wanted Live-In care-giver

Wanted a Live-In Care Giver for old mother in private home in Brampton. Salary $10.90 per hr. Required High School education, 6 Months training or relevent experience. Private accomodation will be provided Email: onkarsinghtoor@yahoo.com

----------

A suitable match is being sought by 27 years old, height 5'8", 10+2 education from India, handsome, hardworking, very gentle boy, Boy currently in Toronto doing a fulltime job with good income. Boy's very close relative (cousin) has a well-established successful business in GTA. Enquiries are welcome. Phone 416.989.5555 Email advance_car_rental@hotmail.com

### ਲੜਕੇ ਦੀ ਲੋੜ

20 ਸਾਲਾ ਇੰਡੀਆ ਰਹਿੰਦੀ ਲੜਕੀ ਕੱਦ 5'8", ਪੜਾਈ 10+2, ਲਈ ਜੱਟ ਸਿੱਖ ਕਨੇਡੀਅਨ ਇੰਮੀਗਰਾਂਟ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪ੍ਰੀਵਾਰ ਕੈਨੇਡਾ ਵਿਤਚ ਸੈਟਲਡ ਹੈ। ਜਾਣਕਾਰੀ ਲਈ ਸੰਪਰਕ ਕਰੋ 416-271-1134 ਜਾਂ ਈਮੇਲ ਕਰੋ jhattu34@hotmail.com

### ਲੜਕੀ ਦੀ ਲੋੜ

**Jatt Sikh** ਉਮਰ 23 ਸਾਲ ਕੱਦ 5"10" ਘਰ ਵਿੱਚ ਇਕਲੌਤਾ ਮੁੰਡਾ, **Student Visa** ਤੇ, ਲਈ ਕਨੇਡ-ਇਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਜਾਣਕਾਰੀ ਲਈ ਤੁਰੰਤ ਫੋਨ ਕਰੋ 647-993-2213

### ਗੁਰਸਿੱਖ ਲੜਕੀ ਦੀ ਲੋੜ

ਕਨੇਡੀਅਨ ਬੋਰਨ (ਗਰੇਵਾਲ) ਲੜਕਾ ਅੰਮ੍ਰੀਤਧਾਰੀ ਉਮਰ 24 ਸਾਲ, ਕੱਦ 6'1", York University ਵਿੱਚ ਪੜਦੇ ਲੜਕੇ ਲਈ ਇੱਕ ਅੰਮ੍ਰੀਤਧਾਰੀ ਪਰਿਵਾਰ ਦੇ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਕਾਲ ਕਰੋ 905-670-8659

### A/Z ਸੀਟੀ ਡਰਾਰੀਵਰ ਦੀ ਲੋੜ

ਸੀਟੀ ਵਾਸਤੇ A/Z ਡਰਾਰੀਵਰਾਂ ਦੀ ਲੋੜ ਹੈ। ਸਿਰਫ ਨਾਈਟ ਸ਼ੀਫਟ ਲਈ ਹੀ ਚਾਹੀਦੇ ਹਨ। ਹੋਰ ਜਾਣਕਾਰੀ ਲਈ ਕਾਲ ਕਰੋ : 647-286-1270

### AZ driver ਦੀ ਲੋੜ

Established company seeking an AZ driver with at least three years of on the road experience. Must have clean abstract and criminal record, it is also mandatory that the driver be able to cross the border. Please contact us at 647-321-7090.

### ਲੜਕੀ ਦੀ ਲੋੜ

ਲੜਕਾ ਉਮਰ 24 ਸਾਲ, ਕੱਦ 6'4", ਲਈ ਕੈਨੇਡੀਅਨ ਸੀਟੀਜਨ ਜਾਂ ਇਮੀਗ੍ਰਾਂਟ ਪੜੀ ਲਿਖੀ ਖਾਨਦਾਨੀ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੇ ਨੇ B.A ਅਤੇ PGDCA ਪਾਸ ਕੀਤੀ ਹੈ। ਹੋਰ ਜਾਣਕਾਰੀ ਲਈ ਕਾਲ ਕਰੋ **647-740-2822 or 98559-00434 or 98147-67172**

### AZ Drivers Needed

DTL Transport is looking for AZ drivers for Canada and USA. ਦੋ ਸਾਲ ਦਾ ਤਜ਼ਰਬਾ, ਵਧੀਆ ਮੀਲਾਂ ਤੇ ਚੰਗੇ ਰੇਟ ਦਿੱਤੇ ਜਾਣਗੇ। ਜਾਣਕਾਰੀ ਲਈ ਫੋਨ ਕਰੋ **647-214-2595, 416-616-3465**

### AZ Drivers Needed

AZ Highway drivers required for Kind of dedicated run Toronto-Winnipeg, Toronto-Vancouver and also require driver for US run proper home time.Good mileage. Good pay. Contact 416-200-2754 or 416-708-8482.

### AZ Drivers Needed

Mississauga's Fast growing company needs Teams/Single drivers for Los Angeles California, dedicated runs. Team driver's must have at least 6mts verifyable exprience and singles must have at least 2 years experience along with clean driver's abstract and CVOR. Drivers paid weekly. Call Parm @ 416-312-6479

### ਲੜਕੀ ਦੀ ਲੋੜ
### ਲੜਕੇ ਦੀ ਲੋੜ

Canada PR, ਬਰਾੜ ਜੱਟ ਸਿੱਖ ਲੜਕੀ, ਉਮਰ 26 ਸਾਲ, ਵਾਸਤੇ ਇੱਕ ਲੜਕੇ ਦੀ ਲੋੜ ਹੈ। ਇਸੇ ਤਰ੍ਹਾਂ ਕੈਨੇਡਾ ਵਿੱਚ ਵਰਕ ਪਰਮਿਟ ਤੇ ਆਏ 23 ਸਾਲਾ ਲੜਕੇ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 647-712-9721 ਜਾਂ 647-343-3817

### ਲੜਕੀ ਦੀ ਲੋੜ

25 ਸਾਲਾ ਸਿੱਖ ਨੌਜੁਆਨ ਲਈ ਕੈਨੇਡਾ ਵਿੱਚ ਪਰਮਾਨੈਂਟ ਬਸ਼ਿੰਦਾ ਜਾਂ ਕਨੇਡੀਅਨ ਨਾਗਰਿਕ ਲੜਕੀ ਦੀ ਲੋੜ ਹੈ। ਜਾਤ-ਪਾਤ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਵੇਗੀ। ਜਾਣਕਾਰੀ ਲਈ 647-504-7795 ਜਾਂ 647-990-2795

### AZ Drivers Required

Jagjot Transport ਨੂੰ AZ Drivers ਦੀ ਤੁਰੰਤ ਲੋੜ ਹੈ। ਲੋਕਲ ਅਤੇ Toronto-Montreal Dedicated run Toronto to USA ਵਾਸਤੇ ਵੀ ਡਰਾਈਵਰਾਂ ਦੀ ਤੁਰੰਤ ਲੋੜ ਹੈ। ਜਾਣਕਾਰੀ ਲਈ ਫੋਨ ਕਰੋ। 416-706-0581or 416-614-1214

### ਲੜਕੀ ਦੀ ਲੋੜ

ਜ਼ਿਲਾ ਹੁਸ਼ਿਆਰਪੁਰ ਦੋਆਬੇ ਨਾਲ ਸਬੰਧਿਤ ਜੱਟ ਸਿੱਖ ਲੜਕਾ ਉਮਰ 24 ਸਾਲ ਵਿਜੀਟਰ ਵੀਜ਼ੇ ਤੇ ਆਏ ਲੜਕੇ ਲਈ ਲੜਕੀ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸ਼ੁਦਾ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ ਸੰਪਰਕ ਕਰੋ 647-286-1116

### ਲੜਕੀ ਦੀ ਲੋੜ

PRAJAPAT CANADIAN CITIZEN 28,YEAR 5'-8, CLEAN SHAVE MECHANICAL ENGG. TECHNOLOGIST LOOKING FOR A EDUCATED GOOD LOOKING GIRL. PLZ SEND DETAILS TO SMTORONTO28@GMAIL.COM OR CALL 647 772 6421

### TANDOORI /CURRY COOKS WANTED

**TANDOORI /CURRY COOKS – Absolut Desi Bar & Grill is looking for full-time East Indian Tandoori /Curry Cooks for our location, (925 Rathburn Road E., Unit B3, Mississauga, Ontario). Must know how to prepare, cook individual dishes and full-course meals, organize and manage buffets, order supplies, maintain kitchen cleanliness and able to work under pressure. Knowledge of basic English or Punjabi or Hindi required. Salary from $37,000.00. Please call 905-232-6788 or email at kunal-batra@hotmail.ca**

### ਟਰੱਕ ਮਕੈਨਿਕ ਅਤੇ ਹੈਲਪਰ ਦੀ ਲੋੜ

ਕੈਨ ਟਰਾਂਸ ਐਕਸਪ੍ਰੈਸ ਨੂੰ ਟਰੱਕ ਮਕੈਨਿਕ ਅਤੇ ਹੈਲਪਰਾਂ ਦੀ ਤੁਰੰਤ ਲੋੜ ਹੈ। ਅਗਰ ਤੁਸੀਂ ਇਸ ਲਈ ਕੁਆਲੀਫਾਈ ਕਰਦੇ ਹੋ ਤਾਂ ਤੁਰੰਤ ਫੋਨ ਕਰੋ **905-459-4400**

### CTX CAN TRANS XPRESS — NOW HIRING

AZ LICENSE HOLDERS
QUEBEC OR ONTARIO BASED
SINGLE/ TEAM DRIVERS
Auto Parts & General Freight( Midwest)
Yard to Yard. Excellent Miles
Pay up to .44c/Mile
Contact: 905-459-4400
Cell: 647-321-5200
Fax: 905-459-5074
ctx.bal@gmail.com



### A/Z ਟੀਮ ਡਰਾਈਵਰ ਦੀ ਲੋੜ

ਟਰਾਂਟੋ ਤੋ ਵੀਨੀਪੇਗ
ਅਤੇ ਕੇਲਗਰੀ
ਲਈ ਟੀਮ ਡਰਾਈਵਰ ਦੀ ਲੋੜ
ਸੀਂਗਲ ਡਰਾਈਵਰ US ਲਈ ਵੀ ਚਾਹੀਦੇ ਹਨ
1 ਸਾਲ ਦਾ ਤਜ਼ਰਬਾ ਜਰੂਰੀ
**T: 416-453-1978 ਜਾਂ 647-522-7874**

### V4 U Logistic Inc.

USA ਜਾਣ ਵਾਸਤੇ AZ ਡਰਾਈਵਰਾਂ ਦੀ ਲੋੜ ਹੈ।
ਇਕ ਸਾਲ ਦਾ ਤਜ਼ਰਬਾ ਹੋਣਾ ਜਰੂਰੀ ਹੈ। Good pay( 44 C per mile), good miles.
ਸੰਪਰਕ ਕਰੋ: Pargat Brar : 416-625-3096,
Email: info@v4ulogistic.com

### ਡਰਾਈਵਰਾਂ ਦੀ ਲੋੜ

ਅਮਰੀਕਾ ਅਤੇ ਕੈਨੇਡਾ ਲਈ ਟਰੱਕ ਡਰਾਈਵਰਾਂ ਦੀ ਲੋੜ ਹੈ
ਇਕ ਸਾਲ ਦਾ ਤਜਰਬਾ ਹੋਣਾ ਜਰੂਰੀ।
Good Pay. 44 Cents/mile. Good Miles.
ਵਧੇਰੇ ਜਾਣਕਾਰੀ ਲਈ ਫੋਨ ਕਰੋ:
**416-625-1354**

### MOONSTONE TRANSPORT LLC

1125 Alexis Rd. East, Toledo, OH 43612

**Moonstone Truck & Trailer Repair**

* Full Service Truck & Trailer Repair By Licenced Mechanics.
* Full Service Body Work.
* Tires At Discounted Prices.
* Road Side Service Calls On Interstate 75 Coridor.

Ph: 419-729-8770
Easy Access on/Off From I75

**Moonstone Transport HIRING**

AZ Drivers For U.S. Lanes
From Milton, Out Terminal
We Offer: Simply Best Equipment, Practical Miles, Hook & Drop In Yard, By Weekly Settlements, Professional Work Environment, Dedicated Lanes, Satellite Dispatch.
Be Apart of A Well Established Company.
**Fax Resume or Email**
**905-693-1225**
**kiki.moonstone@gmail.com**
**or Stop By**
**150 Steeles Ave East, Milton ON**



### AZ Drivers Needed

Mattu Trucking Inc. requires drivers in city in afternoon shift and Toronto – Montreal – Toronto. Owner operators can also apply. Please inquire if you are prepared to professionally represent our company with a commitment to Safety and Reliability. You must have 2 years of verifiable experience as an AZ Driver. We require drivers for a blend of Short Haul and Local. All drivers must have excellent customer service and communication skills. We offer Competitive rates and quality equipment

**For further information Call: 905-565-6370 ext. 24 or ext. 1 and ask for Paramjit Saini or e-mail @ param@mattutransport.com.**

### RANGER TRUCK LINES INC. — Hiring

Dry Van Division

Hiring Drivers and Owner Operators

We require from you minimum 3 years cross border experience, clean driver abstract, CVOR, FAST card & criminal search
We are a Canadian Bonded, ACE Compliant and C-TPAT approved carrier.
www.rangertrucklines.com

| OWNER OPERATORS | DRIVERS |
| --- | --- |
| Comparative Pay<br>Extra P/U and Drops<br>Insurance, Tolls and Taxes Paid<br>Regular Family and Home Time<br>No East Coast | $0.44 per Mile loaded or Empty<br>Extra P/U and Drops<br>Insurance, Tolls and Taxes Paid<br>Regular Family and Home Time<br>NO East Cost |

For more information please give us a call
Ph. 1-866-890-2334 or 905-452-6283
Fax : 905-452-7923 email : askang@rangertrucklines.com

### Requirement for a Heavy Truck Mechanic

There is an immediate Requirement for a Heavy Truck Mechanic to work for well reputed transportation company. Minimum 5 years' experience required along with Certification.
Call Paramjit Saini @ 905-565-6370 ext. 24 for appointment.

### Wanted AZ Drivers Team

ਲੋੜ ਹੈ AZ Drivers ਡੈਡੀਕੇਟਡ ਰਨ ਵਾਸਤੇ, Toronto-USA-Calgary (Pay 52Cents/Mile) 6 ਮਹੀਨੇ ਦਾ ਤਜ਼ਰਬਾ ਜਰੂਰੀ ਹੈ।
USA ਦੇ Shorthaul ਰਨ ਵਾਸਤੇ ਦੋ ਸਿੰਗਲ ਡਰਾਈਵਰ ਚਾਹੀਦੇ ਹਨ (Pay 46 Cents/Mile) Delivery & Pickups (waitingtime will be paid, ਤੁਸੀਂ ਹਰ ਦੂਜੇ ਦਿਨ ਘਰ ਵਾਪਿਸ ਆ ਸਕਦੇ ਹੋ।
ਇੱਕ ਟੀਮ ਦੀ ਲੋੜ ਹੈ। Toronto-Calgary (Canada Only) Pay 50 Cents/Mile
Need another team dedicated run Toronto-Vancouver

**Please Contact 416-500-0741**

### Business Opportunity

Looking For an Experienced & English Speaking Family to run a Very Good Car Wash Business in Niagara Falls, Canada. This Business is also available for SALE with or without property OR for 50/50 Partnership. For more Information call: 647-212-1234. See the pictures at www.autowashexp.ca.(1655)

### EFS eagle freight system

AZ Drivers & Owner Operators Needed

ਅਮਰੀਕਾ ਅਤੇ ਕੈਨੇਡਾ ਲਈ AZ Drivers ਅਤੇ Owner Operators ਦੀ ਲੋੜ ਹੈ. Drivers paid **$0.46** per mile and Owner Operators paid **$1.39** per mile. Pick ups and Drops paid. 1 ਸਾਲ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ।

Contact Harry Brar at (905)455-9100, 1-800-939-4EFS(7337), email: info@efsystem.ca




# ਸ੍ਰੀ ਮੁਕਤਸਰ ਸਾਹਿਬ ਦਾ ਨਿਮਾਣਾ ਜਿਹਾ- ਰੰਗਾ ਸਿੰਘ ਮਾਨ



ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ) 408-857-4455

ਕਿਸੇ ਵੀ ਖੇਤਰ ਵਿਚ ਲੀਹਾਂ ਪਾਉਣੀਆਂ ਔਖੀਆਂ ਹੁੰਦੀਆਂ ਹਨ, ਬਾਅਦ ਵਿਚ ਕਾਫਲੇ ਤਾਂ ਆਪੇ ਹੀ ਚੱਲ ਪੈਂਦੇ ਹਨ। ਜਿਹਨਾਂ ਨੇ ਸ਼ੁਰੂਆਤ ਕੀਤੀ ਹੁੰਦੀ ਹੈ, ਉਹਨਾਂ ਨੂੰ ਹੀ ਪਤਾ ਹੁੰਦਾ ਹੈ ਬਿਖੜੇ ਪੈਂਡੇ ਕਿਹੋ ਜਿਹੇ ਹੁੰਦੇ ਹਨ। ਜਿਹਨਾਂ ਨੇ ਉਸਤਾਦਾਂ ਤੋਂ ਕੁੱਟ ਖਾਧੀ ਹੁੰਦੀ ਹੈ, ਉਹੋ ਹੀ ਬਾਅਦ ਵਿਚ ਬੁਲੰਦੀਆਂ ਨੂੰ ਛੋਂਹਦੇ ਹਨ। ਆਪਣੇ ਹੱਥਾਂ ਦੀ ਮਿਹਨਤ ਨਾਲ ਬਣਾਈ ਚੀਜ਼ ਨੂੰ ਹੰਢਾਉਣ ਦਾ ਸਵਾਦ ਵੱਖਰਾ ਹੀ ਹੁੰਦਾ ਹੈ। ਸ਼ੋਹਰਤ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਪਰ ਵਡਿਆਈ ਮਿਹਨਤ ਕਰਨ ਨਾਲ ਹੀ ਮਿਲਦੀ ਹੈ। ਗਾਇਕੀ ਦੇ ਖੇਤਰ ਵਿਚ ਉਪਰਲੀਆਂ ਗੱਲਾਂ ਬਿਲਕੁਲ ਸਹੀ ਸਾਬਤ ਹੁੰਦੀਆਂ ਹਨ।


'ਸ਼ੇਰਾਂ ਦੀਆਂ ਮਾਰਾਂ ਗਿੱਦੜ ਕਰਨ ਕਲੋਲ'

ਇਹ ਕਹਾਵਤ ਅੱਜ ਦੇ ਪੰਜਾਬੀ ਗਾਇਕਾਂ ਤੇ ਪੂਰੀ ਪੂਰੀ ਢੁੱਕਦੀ ਹੈ। ਪਰ ਸ਼ੇਰਾਂ ਦੀ ਰੀਸ ਗਿੱਦੜ ਨਹੀਂ ਕਰ ਸਕਦੇ। ਸ਼ੇਰ ਦੀ ਖੱਲ ਪਾ ਕੇ ਗਿੱਦੜ ਭੁਲੇਖਾ ਤਾਂ ਪਾ ਸਕਦਾ ਹੈ, ਸ਼ੇਰ ਹਰਗਿਜ਼ ਨਹੀਂ ਬਣ ਸਕਦਾ। ਪੰਜਾਬੀ ਗਾਇਕੀ ਦੀ ਸ਼ੁਰੂਆਤ ਜਿਹਨਾਂ ਨੇ ਤਕਲੀਫਾਂ ਕੱਟ ਕੇ ਕੀਤੀ ਸੀ, ਉਹ ਭੁੱਲੇ ਵਿਸਰੇ ਤੇ ਕੱਲ੍ਹ ਦੀ ਗੱਲ ਬਣ ਚੁੱਕੇ ਹਨ। ਬਹੁਤ ਸਾਰੇ ਗੁਰਬਤ ਦੀ ਜ਼ਿੰਦਗੀ ਹੰਢਾ ਰਹੇ ਹਨ ਤੇ ਕਈ ਸ਼ਾਨਾਮੱਤੀ ਤੇ ਮਾਣਮੱਤੀ ਜ਼ਿੰਦਗੀ ਵੀ ਹੰਢਾ ਰਹੇ ਹਨ। ਸਾਨੂੰ ਇਹਨਾਂ ਦੀ ਬਾਂਹ ਫੜਨੀ ਚਾਹੀਦੀ ਹੈ।

ਅੱਜ ਇਕ ਅਜਿਹੀ ਸ਼ਖਸੀਅਤ ਬਾਰੇ ਕਲਮ ਚਲਾਉਣ ਲੱਗਾ ਹਾਂ ਜੋ ਸ਼ਾਨਾਮੱਤੀ ਤੇ ਮਾਣਮੱਤੀ ਜ਼ਿੰਦਗੀ ਜਿਉਂ ਰਿਹਾ ਹੈ। ਜਿਸਨੇ ਕਲਾ ਨੂੰ ਪ੍ਰੇਮ ਕੀਤਾ, ਸ਼ੌਂਕ ਨਾਲ ਗਾਇਆ ਪਰ ਕਲਾ ਵੇਚੀ ਨਹੀਂ। ਸ਼ੌਂਕ ਦੇ ਤੰਦ ਪਾਏ ਗਲੋਟੇ ਨਹੀਂ ਕੱਤੇ। ਉਸ ਕਲਾਕਾਰ ਦਾ ਨਾਂ ਹੈ 'ਰੰਗਾ ਸਿੰਘ ਮਾਨ ਮੁਕਤਸਰੀਆ'। ਗਾਇਕੀ ਦੇ ਖੇਤਰ ਵਿਚ ਮਾਨ ਦਾ ਬਹੁਤ ਬੋਲਬਾਲਾ ਜਿਵੇਂ ਗੁਰਦਾਸ ਮਾਨ, ਹਰਭਜਨ ਤੇ ਗੁਰਸੇਵਕ ਮਾਨ, ਬੱਬੂ ਮਾਨ ਤੇ ਸ਼ੈਰੀ ਮਾਨ। ਪਰ ਰੰਗਾ ਸਿੰਘ ਮਾਨ, ਗੁਰਦੇਵ ਸਿੰਘ ਮਾਨ ਤੋਂ ਛੋਟਾ ਤੇ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦਾ ਸਮਕਾਲੀ ਹੈ। ਬਾਬੂ ਸਿੰਘ ਮਾਨ ਤੇ ਰੰਗਾ ਮਾਨ ਇਕੋ ਇਲਾਕੇ ਤੋਂ ਹਨ ਤੇ ਦੋਸਤ ਵੀ ਚੰਗੇ ਹਨ। ਇਕ ਦਿਨ ਦੋਵੇਂ ਬੈਠੇ ਹਾਸਾ ਠੱਠਾ ਕਰ ਰਹੇ ਸਨ। ਮਰਾੜਾਂ ਵਾਲਾ ਕਹਿਣ ਲੱਗਾ ਉਏ ਰੰਗੇ ਕੀ ਆਪਣੇ ਘਰਦਿਆਂ ਨੇ ਨਾਂ ਰੱਖੇ ਐ ਦੋ-ਦੋ ਅੱਖਰਾਂ ਦੇ ਰੰਗਾ ਤੇ ਬਾਬੂ। ਰੰਗਾ ਕਹਿਣ ਲੱਗਾ ਮੇਰਾ ਨਾਂ ਤਾਂ ਮੇਰੇ ਬਾਬੇ ਨੇ ਰੱਖਿਆ ਸੀ, ਬਈ ਮੁੰਡਾ ਜੰਮ ਪਿਐ ਰੰਗ ਲੱਗ ਗਿਆ ਤੇ ਤੇਰਾ।

ਮਰਾੜਾਂ ਵਾਲਾ ਅੱਗੋਂ ਕਹਿਣ ਲੱਗਾ ਜਦ ਮੈਂ ਜੰਮਿਆ ਸੀ, ਉਦੋਂ ਮੇਰੇ ਬਾਬੇ ਕੋਲ ਨਹਿਰ ਵਾਲਾ ਬਾਬੂ ਬੈਠਾ ਹੋਊ, ਉਸਨੇ ਬਾਬੂ ਰੱਖਤਾ। ਰੰਗਾ ਕਹਿਣ ਲੱਗਾ ਆਪਾਂ ਨਾਂ ਵਟਾ ਲਈਏ ਤੇ ਮਰਾੜਾਂ ਵਾਲਾ ਕਹਿੰਦਾ, ਫਿਰ ਕਿਹੜਾ ਆਪਾਂ ਜਬਰਜੰਗ ਸਿੰਘ ਬਣਨ ਲੱਗੇ ਆਂ, ਰਹਿਣਾ ਤਾਂ ਰੰਗਾ ਤੇ ਬਾਬੂ ਈ ਐ। ਇਹ ਪੁਰਾਣੇ ਕਲਾਕਾਰਾਂ ਦੇ ਪਿਆਰ ਤੇ ਮੁਹੱਬਤਾਂ ਹਨ।

ਰੰਗਾ ਸਿੰਘ ਦਾ ਜਨਮ ਤਾਂ 15 ਅਪ੍ਰੈਲ 1947 ਦਾ ਹੈ ਪਰ ਸਕੂਲ ਲਾਉਣ ਸਮੇਂ ਮਾਸਟਰ ਜੀ ਨੇ 1945 ਕਰ ਦਿੱਤਾ ਸੀ ਤਾਂ ਕਿ ਜਲਦੀ ਸਕੂਲ ਲਾ ਦਿੱਤਾ ਜਾਵੇ। ਉਸਦਾ ਜਨਮ ਪਿੰਡ ਪੰਡੋਰੀ ਅਰਾਈਆਂ ਵਾਲੀ, ਤਹਿਸੀਲ ਜੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਹੈ। ਬਾਅਦ ਵਿਚ ਫਿਰੋਜ਼ਪੁਰ ਜ਼ਿਲ੍ਹੇ ਵਿਚੋਂ ਫਰੀਦਕੋਟ ਜ਼ਿਲ੍ਹਾ ਬਣਿਆ ਤੇ ਫਰੀਦਕੋਟ 'ਚੋਂ ਮੋਗਾ। ਉਸਨੇ ਆਪਣੀ ਮੁੱਢਲੀ ਪੜ੍ਹਾਈ ਧਰਮਕੋਟ ਤੋਂ ਕੀਤੀ। ਫਿਰ ਇਹ ਪਰਿਵਾਰ 1960 ਤੋਂ ਮੁਕਤਸਰ ਸ਼ਹਿਰ ਦਾ ਪੱਕਾ ਵਸਨੀਕ ਬਣ ਗਿਆ। ਮੁਕਤਸਰ ਤੋਂ ਬੀ. ਏ. ਕੀਤੀ। 1961-62 'ਚ ਹੈਲਥ ਇੰਸਪੈਕਟਰ ਦਾ ਕੋਰਸ ਕਰ ਲਿਆ ਤੇ ਡੇਰਾਬਸੀ ਨੌਕਰੀ ਮਿਲ ਗਈ। ਇਸ ਨੌਕਰੀ ਨੇ ਫਾਇਦਾ ਵੀ ਬਹੁਤ ਕੀਤਾ ਤੇ ਨੁਕਸਾਨ ਵੀ ਉਨਾ ਹੀ। ਫਾਇਦਾ ਇਹ ਹੋਇਆ ਕਿ ਕਮਾਈ ਆਉਣੀ ਸ਼ੁਰੂ ਹੋ ਗਈ ਤੇ ਘਰ ਦੀ ਹਾਲਤ ਸੁਧਰ ਗਈ, ਨੁਕਸਾਨ ਇਹ ਕਿ ਗਾਇਕੀ ਵੱਲ ਪੂਰਾ ਧਿਆਨ ਨਾ ਦਿੱਤਾ ਗਿਆ ਤੇ ਨਾਲ ਦੇ ਗਾਇਕ ਬਹੁਤ ਅੱਗੇ ਲੰਘ ਗਏ। ਇਹਨਾਂ ਗਾਇਕਾਂ ਵਿਚੋਂ ਉਹ ਮੁਹੰਮਦ ਸਦੀਕ ਦਾ ਨਾਂ ਖਾਸ ਕਰਕੇ ਲੈਂਦਾ ਹੈ। ਸਾਲ 1974 ਵਿਚ ਇਕ ਈ ਪੀ ਤਵਾ ਰਣਜੀਤ ਕੌਰ ਦਾ ਵੱਖ ਵੱਖ ਕਲਾਕਾਰਾਂ ਨਾਲ ਆਇਆ। ਦੋ ਗੀਤ ਸਦੀਕ ਨਾਲ, ਇਕ ਕੁਲਦੀਪ ਹੀਰੋ ਨਾਲ ਤੇ ਇਕ ਰੰਗਾ ਸਿੰਘ ਮਾਨ ਨਾਲ। ਗੀਤ ਮਾਨ ਮਰਾੜਾਂ ਵਾਲੇ ਦੇ ਲਿਖੇ ਹੋਏ ਸਨ, ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-



(1) ਬੱਗੀ ਤਿੱਤਰੀ ਕਮਾਦੋਂ ਨਿਕਲੀ
ਤੇ ਉਡਦੀ ਨੂੰ ਬਾਜ ਪੈ ਗਿਆ।
ਸੁਣ ਮਿੱਤਰਾ ਪੈਰ ਦਿਆ ਛਿੱਤਰਾ
ਵੇ ਘਸ ਕੇ ਟੁੱਟ ਜਾਏਂਗਾ।

(2) ਲੌਂਗਾਂ ਨੂੰ ਮੁਸਕਣ ਦੇ
ਬਿਸ਼ਨ ਕੁਰੇ ਭਰਜਾਈਏ
ਜੇ ਰੱਬ ਦੇਵੇ ਤਾਂ
ਘਰ ਦੇ ਲਾਲ ਖਿਡਾਈਏ।
(ਦੋਵੇਂ ਗੀਤ ਰਣਜੀਤ ਕੌਰ ਤੇ ਸਦੀਕ)

(3) ਰਿਕਸ਼ਾ ਅਮਲੀ ਦਾ
ਬੰਬੂ ਕਾਟ ਦੇ ਬਰੋਬਰ ਜਾਂਦਾ।
(ਰਣਜੀਤ ਕੌਰ ਤੇ ਕੁਲਦੀਪ ਹੀਰੋ)

(4) ਜਵਾਨੀ ਵੇਲੇ ਲੁੱਟੇ ਬਾਣੀਏ
ਹੁਣ ਰੱਬ ਦੀ ਭਗਤਣੀ ਹੋਈ।
ਕਿਸੇ ਦੀ ਲੱਗੀ ਕੌਣ ਜਾਣਦੈ
ਜੀਹਨੂੰ ਲੱਗਦੀ ਜਾਣਦੈ ਸੋਈ।
(ਰਣਜੀਤ ਕੌਰ ਤੇ ਰੰਗਾ ਸਿੰਘ ਮਾਨ)

ਇਸ ਈ. ਪੀ. ਤਵੇ ਨੇ ਕੁਲਦੀਪ ਹੀਰੋ ਤੇ ਰੰਗਾ ਸਿੰਘ ਮਾਨ ਦੀ ਪੂਰੀ ਚੜ੍ਹਾਈ ਕਰਵਾ ਦਿੱਤੀ। ਗੀਤ ਹੋਰ ਵੀ ਬਹੁਤ ਗਾਏ ਪਰ ਇਹ ਗੀਤ ਰੰਗਾ ਸਿੰਘ ਮਾਨ ਦੀ ਪਹਿਚਾਣ ਬਣ ਗਿਆ। ਕਈ ਵਾਰ ਇਨਸਾਨ ਦੀ ਇਕ ਕਿਰਤ ਹੀ ਉਸਨੂੰ ਸਿਖਰਾਂ ਤੇ ਲੈ ਜਾਂਦੀ ਹੈ ਤੇ ਉਹ ਉਸੇ ਕਰਕੇ ਹੀ ਜਾਣਿਆ ਜਾਂਦਾ ਹੈ।

ਜਿਵੇਂ ਮੱਖਣ ਬਰਾੜ ਨੂੰ 'ਆਪਣਾ ਪੰਜਾਬ ਹੋਵੇ' ਅਤੇ ਮੱਖਣ ਲੁਹਾਰ ਨੂੰ 'ਨਾਗ ਸਾਂਭ ਲੈ ਜ਼ੁਲਫਾਂ ਦੇ' ਗੀਤਾਂ ਨੇ ਸਿਰਮੌਰ ਲੇਖਕ ਬਣਾ ਦਿੱਤਾ ਹੈ।

ਵੈਸੇ ਰੰਗਾ ਸਿੰਘ ਮਾਨ ਦੀ ਸ਼ੁਰੂਆਤ 1966 ਵਿਚ ਹੋ ਚੁੱਕੀ ਸੀ। ਲੁਧਿਆਣੇ ਦੀ ਕੰਪਨੀ ਨੇ ਜਸਵੰਤ ਭੰਵਰਾ ਜੀ ਦੀ ਸਿਫਾਰਸ਼ ਤੇ ਕਈ ਪੰਜਾਬੀ ਕਲਾਕਾਰਾਂ ਨੂੰ ਰਿਕਾਰਡ ਕੀਤਾ, ਜਿਹਨਾਂ ਵਿਚ ਰੰਗਾ ਸਿੰਘ ਮਾਨ ਵੀ ਸਨ, ਇਹਨਾਂ ਦਾ ਇਕ ਤਵਾ ਕੱਲਿਆਂ ਦਾ ਆਇਆ:

(1) ਅੱਖ ਮਾਰ ਕੇ ਖਿੰਡਾ ਲਿਆ ਸੁਰਮਾ
ਨਵੀਏਂ ਸ਼ੌਕੀਨ ਕੁੜੀਏ
(ਲੇਖਕ ਸੱਜਣ ਸਿੰਘ ਹੂੰਝਣ)

(2) ਗੁੱਝੀ ਰਹਿੰਦੀ ਨਾ ਜਵਾਨੀ ਮੁਟਿਆਰੇ
ਗਲੀਆਂ 'ਚ ਫਿਰੇ ਮੇਲ੍ਹਦੀ
(ਲੇਖਕ/ ਬੱਕਰ ਐਸੀ ਕੰਮੇਆਣਾ)

ਦੋਗਾਣਿਆਂ ਵਾਲਾ ਇਕ ਹੋਰ ਤਵਾ 1969 ਵਿਚ ਆਇਆ। ਸਾਥੀ ਗਾਇਕਾ ਬੀਬੀ ਤੇਜਪਾਲ ਤੇ ਸੁਮਨ ਆਨੰਦ ਸਨ, ਲੇਖਕ ਦੇਵ ਥਰੀਕੇ।

(1) ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਗੀ ਛੋਰਾ
ਵਿਚ ਭਰਜਾਈਆਂ ਦੇ
ਬੋਲ ਕਲਿਹਰੀਆ ਮੋਰਾ
ਲੈ ਭਾਬੀ ਮੇਰਾ ਕੁੜਤਾ ਧੋਦੇ
ਦੇ ਦੇ ਰੰਗ ਗੁਲਾਬੀ
ਨੀ ਵਿਚ ਭਰਜਾਈਆਂ ਦੇ
ਫਿਰਦਾ ਦਿਓਰ ਸ਼ਰਾਬੀ
(ਤੇਜਪਾਲ)

(2) ਚੱਲ ਮਾਰੀਏ ਬਾਜ਼ਾਰ ਵਿਚ ਗੇੜਾ
ਸੂਟ ਇਕ ਲੈਦੇ ਚੱਜ ਦਾ
ਤੈਨੂੰ ਨਾਹ ਨਹੀਂ ਬਾਂਕੀਏ ਨਾਰੇ
ਸੂਟ ਜਿਹੜਾ ਲੈ ਲਾ ਮਰਜ਼ੀ (ਸੁਮਨ)

1969 ਵਿਚ ਰੰਗਾ ਸਿੰਘ ਰੇਡੀਓ ਸਟੇਸ਼ਨ ਜਲੰਧਰ ਤੇ ਸਿਲੈਕਟ ਹੋ ਗਏ ਅਤੇ 1975 ਤੋਂ ਦੂਰਦਰਸ਼ਨ ਤੇ ਗਾਉਣਾ ਸ਼ੁਰੂ ਕਰ ਦਿੱਤਾ। ਉਹ ਬੀ-ਹਾਈ ਕਲਾਸ ਗਾਇਕ ਹੈ। ਉਸਨੇ ਲੋਕ ਗੀਤ ਲੋਕ ਗਾਥਾਵਾਂ, ਧਾਰਮਿਕ ਗੀਤ ਤੇ ਸਭਿਆਚਾਰਕ ਗੀਤ ਬਹੁਤੇ ਤੂੰਬੀ ਉਪਰ ਪਰ ਕਈ ਹਾਰਮੋਨੀਅਮ ਤੇ ਵੀ ਗਾਏ। ਪ੍ਰਾਚੀਨ ਕਲਾ ਕੇਂਦਰ ਤੇ ਉਸਨੇ ਸੰਗੀਤ ਦੀ ਡਿਗਰੀ ਕੀਤੀ। ਨੌਕਰੀ ਤੋਂ ਜਦ ਵਿਹਲ ਮਿਲਦਾ, ਉਹ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਪਾਸ ਸਿੱਖਣ ਚਲਿਆ ਜਾਂਦਾ ਤੇ ਉਹਨਾਂ ਨੂੰ ਹੀ ਆਪਣਾ ਗੁਰੂ ਮੰਨਦਾ ਹੈ।

ਇਸਨੇ ਨਰਿੰਦਰ ਬੀਬਾ ਨਾਲ ਵੀ ਗੀਤ ਕਰਵਾਇਆ।
ਕੁੜੀ- ਚਾਚੇ ਤੀਆਂ ਪਿੱਛੋਂ ਆਵੀਂ ਚਾਹੇ ਵਰਤਾਂ ਪਿੱਤੋਂ ਆਵੀਂ
ਪਰ ਘੋੜਾ ਲਿਆਵੀਂ ਬੀੜ ਕੇ ਵੇ
ਅੱਖਾਂ ਜਾ ਲੜੀਆਂ ਘੁੰਡ ਚੀਰ ਕੇ ਵੇ
ਮੁੰਡਾ- ਚਾਹੇ ਤੀਆਂ ਪਿੱਛੋਂ ਆਵਾਂ ਚਾਹੇ ਵਰਤਾਂ ਪਿੱਛੋਂ ਆਵਾਂ
ਆਊਂ ਲੈ ਕੇ ਸਕੂਟਰ ਲਾਲ ਕੁੜੀਏ
ਅਸੀਂ ਲੱਗੀਆਂ ਨਿਭਾਈਏ ਸਿਰਾਂ ਨਾਲ ਕੁੜੀਏ

ਜਗਮੋਹਣ ਕੌਰ ਨਾਲ ਵੀ ਇਕ ਗੀਤ ਰਿਕਾਰਡ ਹੋਇਆ-
ਮੁੰਡਾ- ਪੰਜਾਬਣੇਂ, ਮਜਾਜਣੇਂ, ਲਿਹਾਜਣੇਂ ਗਵਾਂਢਣੇ ਨੀ
ਮੇਰੇ ਬਾਗ ਨਾਲ ਤੇਰਾ ਖੇਤ ਕੁੜੀਏ
ਅੰਬ ਪੱਕ ਗਏ ਸੰਧੂਰੀ ਖਾ ਕੇ ਵੇਖ ਕੁੜੀਏ।
ਕੁੜੀ- ਮੁੰਡਿਆ ਸ਼ੈਤਾਨਾ, ਬੇਈਮਾਨਾ, ਟੁੱਟ ਪੈਣਿਆ ਵੇ
ਸਾਨੂੰ ਕੋਈ ਲੋੜ ਨਾ ਮਲੰਗ ਮੁੰਡਿਆ
ਮਹਿੰਗੇ ਪੈਣਗੇ ਮੁਫਤ ਖਾਧੇ ਅੰਬ ਮੁੰਡਿਆ।

1995 ਵਿਚ ਇਹ ਕੈਸਿਟ ਪਾਇਲ ਕੰਪਨੀ ਵੱਲੋਂ ਰਿਲੀਜ਼ ਕੀਤੀ ਗਈ ਸੀ। ਇਕ ਗੀਤ ਮਾਨ ਮਰਾੜਾਂ ਵਾਲੇ ਦਾ ਸੀ, ਬਾਕੀ ਖੁਦ ਰੰਗਾ ਸਿੰਘ ਦੇ ਲਿਖੇ ਸਨ, ਉਹ ਉਚ ਕੋਟੀ ਦਾ ਗੀਤਕਾਰ ਵੀ ਹੈ। ਰੰਗਾ ਸਿੰਘ ਮਾਨ ਦਾ ਇਕ ਤਵਾ ਫਰੀਦਕੋਟ ਦੇ ਰਹਿਣ ਵਾਲੇ ਬੀਬਾ ਪਰਮਜੀਤ ਸੰਧੂ ਨਾਲ ਆਇਆ, ਜਿਸ ਤੇ ਉਸ ਸਮੇਂ ਪ੍ਰਤੀਕਰਮ ਸੁਣਨ ਨੂੰ ਮਿਲਿਆ।

ਰੰਗਾ ਸਿੰਘ ਨੇ ਕੰਪਨੀ ਵਾਲਿਆਂ ਦੇ ਕਹਿਣ ਤੇ ਗਾ ਤਾਂ ਦਿੱਤਾ ਪਰ ਬਾਅਦ ਵਿਚ ਮਨ ਨੂੰ ਕਾਫੀ ਦੁੱਖ ਲੱਗਾ ਤੇ ਫਿਰ ਕਦੇ ਵੀ ਹਲਕਾ ਨਾ ਗਾਇਆ। ਉਹ ਪੰਜਾਬ ਦੇ ਹਾਲਾਤ ਖਰਾਬ ਹੋਣ ਤੱਕ ਗਾਉਂਦਾ ਰਿਹਾ, ਫਿਰ ਬੰਦ ਕਰ ਦਿੱਤਾ। ਹੁਣ ਉਹ ਸਿਰਫ ਮਨ ਦੀ ਖੁਸ਼ੀ ਲਈ ਹੀ ਗਾਉਂਦਾ ਹੈ। ਜਲੰਧਰੋਂ 'ਫੂਨ ਆ ਜਾਵੇ ਤਾਂ ਉਹ ਮੁਕਤਸਰ ਤੋਂ ਬੱਸ ਫੜ ਕੇ ਜਲੰਧਰ ਜਾ ਵੜਦਾ ਹੈ।'

ਉਸਦੇ ਬੈਗ ਵਿਚ ਤੂੰਬੀ, ਗੀਤਾਂ ਦੀਆਂ ਕਾਪੀਆਂ ਤੇ ਕੱਪੜੇ ਹੁੰਦੇ ਹਨ। ਘਰ ਦੇ ਨਾਂ ਉਹਨੂੰ ਸਲਾਹੁੰਦੇ ਹਨ ਤੇ ਨਾ ਹੀ ਵਿਰੋਧ ਕਰਦੇ ਹਨ। ਉਹ ਮਨ ਦਾ ਮੌਜੀ ਹੈ। ਸੰਗੀਤ ਉਸਨੂੰ ਖੁਸ਼ੀ ਦਿੰਦਾ ਹੈ। ਮੁਕਤਸਰ ਨੂੰ ਉਹ ਆਪਣਾ ਮੱਕਾ ਮੰਨਦਾ ਹੈ। ਇੱਥੇ ਉਸਦੀ ਰੂਹ ਰੱਜਦੀ ਹੈ, ਤ੍ਰਿਪਤ ਹੁੰਦੀ ਹੈ।

ਉਹ ਕਹਿੰਦਾ ਹੈ ਇੱਥੇ ਮੇਰੇ ਦਸਵੇਂ ਪਾਤਸ਼ਾਹ ਦੇ ਚਰਨ ਪਏ ਹੋਏ ਹਨ। ਗੁਰਦੁਆਰਾ ਟਿੱਬੀ ਸਾਹਿਬ, ਸ਼ਹੀਦਗੰਜ, ਤਰਨਤਾਰਨ ਤੰਬੂ ਸਾਹਿਬ ਤੇ ਖਿਦਰਾਣੇ ਦੀ ਢਾਬ ਦੇ ਮੈਂ ਦਰਸ਼ਨ ਕਰਕੇ ਨਿਹਾਲ ਹੋ ਜਾਂਦਾ ਹਾਂ। ਇਸ ਧਰਤੀ ਬਾਰੇ ਉਹ ਲਿਖਦਾ ਹੈ-

ਇਹ ਧਰਤੀ ਧਰਮੀ ਵੀਰਾਂ ਦੀ
ਏਥੇ ਡੁੱਲ੍ਹਿਆ ਖੂਨ ਸ਼ਹੀਦਾਂ ਦਾ
ਏਥੇ ਮੁਕਤੀ ਦਾ ਸਰ ਵਗਦਾ ਏ
ਜੋ ਸੁਣਦਾ ਹਾਲ ਮੁਰੀਦਾਂ ਦਾ
ਟੁੱਟੀ ਗੰਢੀ ਜੋ ਜਹਾਨ ਦੇ ਮਾਲਕ ਨੇ
ਪਾੜ ਬੇਦਾਵਾ ਗੁਰੂ ਗੋਬਿੰਦ ਸਿੰਘ ਪਾਲਕ ਨੇ
ਮਾਈ ਭਾਗੋ ਚੇਤੇ ਆਉਂਦੀ ਹੈ
ਜਿਸ ਕੀਤਾ ਪੰਧ ਉਮੀਦਾਂ ਦਾ।

ਸੰਪਾਦਕ- ਤੱਥ ਫੋਨ ਤੇ ਇੰਟਰਵਿਊ ਤੇ ਆਧਾਰਿਤ
ਰੰਗਾ ਸਿੰਘ ਮਾਨ ਦਾ ਫੋਨ 98725-08467

# ਚੀਨ ਦੇ ਰਾਸ਼ਟਰਪਤੀ ਦੀ ਗਲੈਮਰਸ ਪਤਨੀ

ਬੀਜਿੰਗ— ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਆਪਣੀ ਪਤਨੀ ਪਿੰਗ ਲਿਉਆਨ ਦੇ ਨਾਲ ਭਾਰਤ ਦੇ ਤਿੰਨ ਦਿਨਾਂ ਦੌਰੇ 'ਤੇ ਆਏ ਹਨ ਅਤੇ ਇਸ ਦੌਰਾਨ ਹਰ ਪਾਸੇ ਉਨ੍ਹਾਂ ਦੀ ਪਤਨੀ ਦੇ ਗਲੈਮਰਸ ਅੰਦਾਜ਼ ਦੇ ਚਰਚੇ ਹਨ। ਚੀਨ ਦੇ ਇਤਿਹਾਸ ਵਿਚ ਇਸ ਤਰ੍ਹਾਂ ਸਿਆਸੀ ਅਤੇ ਸਮਾਜਿਕ ਪੱਧਰ 'ਤੇ ਆਪਣੀ ਹਾਜ਼ਰੀ ਦਰਜ ਕਰਵਾਉਣਾ ਆਪਣੇ-ਆਪ ਵਿਚ ਇਕ ਬੇਹੱਦ ਵੱਖਰੀ ਗੱਲ ਹੈ।

ਇਹ ਪਹਿਲਾਂ ਮੌਕਾ ਨਹੀਂ ਹੈ ਜਦੋਂ ਅਮਰੀਕਾ ਵਾਂਗ ਚੀਨ ਦੀ ਪਹਿਲੀ ਮਹਿਲਾ ਕਹੀ ਜਾਣ ਵਾਲੀ ਪਿੰਗ ਲਿਉਆਨ ਆਪਣੇ ਪਤੀ ਅਤੇ ਚੀਨ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਕਿਸੇ ਦੇਸ਼ ਦੇ ਦੌਰੇ 'ਤੇ ਗਈ ਹੋਵੇ। ਉਹ ਇਸ ਤੋਂ ਪਹਿਲਾਂ ਰੂਸ ਅਤੇ ਬ੍ਰਿਕਸ ਸੰਮੇਲਨ ਦੇ ਦੌਰਾਨ ਦੱਖਣੀ ਅਫਰੀਕਾ ਜਾ ਚੁੱਕੀ ਹੈ। ਭਾਰਤ ਦੌਰੇ ਨੂੰ ਲੈ ਕੇ ਪਿੰਗ ਦਾ ਉਤਸ਼ਾਹ ਪਹਿਲਾਂ ਹੀ ਜੱਗ-ਜ਼ਾਹਰ ਹੋ ਚੁੱਕਿਆ ਹੈ। ਦੁਨੀਆ ਚੀਨ ਦੇ ਰਾਸ਼ਟਰਪਤੀ ਦੀ ਪਤਨੀ ਦੀ ਇਸ ਨਵੀਂ ਭੂਮਿਕਾ ਨੂੰ ਚੀਨੀ ਰਣਨੀਤੀ ਦਾ ਚਿਹਰਾ ਮੰਨ ਰਹੀ ਹੈ।

ਪਿੰਗ ਦੀ ਗੱਲ ਕਰੀਏ ਤਾਂ ਕੁਝ ਸਮਾਂ ਪਹਿਲਾਂ ਉਹ ਚੀਨ ਵਿਚ ਆਪਣੇ ਪਤੀ ਤੋਂ ਵੀ ਜ਼ਿਆਦਾ ਚਰਚਿਤ ਸੀ।

ਅਸਲ ਵਿਚ ਪਿੰਗ ਚੀਨ ਦੀ ਇਕ ਪ੍ਰਸਿੱਧ ਲੋਕ ਗਾਇਕਾ ਰਹਿ ਚੁੱਕੀ ਹੈ ਪਰ 2012 ਵਿਚ ਪਤੀ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਪਿੰਗ ਆਪਣੇ ਕੈਰੀਅਰ ਨੂੰ ਅੱਗੇ ਨਹੀਂ ਵਧਾ ਸਕਿਆ। ਚੀਨ ਵਿਚ ਪਿੰਗ ਨਾਲ ਸੰਬੰਧਤ ਕੋਈ ਵੀ ਖਬਰ ਸਭ ਤੋਂ ਜ਼ਿਅਦਾ ਪੜ੍ਹੀ ਜਾਣ ਵਾਲੀ ਖਬਰ ਮੰਨੀ ਜਾਂਦੀ ਹੈ।

ਚੀਨੀ ਮੀਡੀਆ ਵੱਲੋਂ ਪਿੰਗ ਦੇ ਕਪੜਿਆਂ ਅਤੇ ਉਸ ਦੇ ਸਟਾਈਲ ਨੂੰ ਲੈ ਕੇ ਖਾਸ ਤੌਰ 'ਤੇ ਕਵਰ ਕੀਤਾ ਜਾਂਦਾ ਹੈ।

ਭਾਰਤ ਦੇ ਦੌਰੇ ਆਉਣ ਤੋਂ ਪਹਿਲਾਂ ਇਕ ਚੀਨੀ ਅਧਿਕਾਰੀ ਨੇ 'ਇੰਡੀਆ ਟੁਡੇ' ਨਾਲ ਗੱਲ ਕਰਦੇ ਹੋਏ ਕਿਹਾ ਸੀ ਕਿ ਪਿੰਗ ਲਿਉਆਨ ਭਾਰਤ ਦੇ ਇਤਿਹਾਸ ਨੂੰ ਲੈ ਕੇ ਬਹੁਤ ਉਤਸੁਕ ਹੈ। 51 ਸਾਲਾ ਪਿੰਗ ਇਸ ਉਮਰ ਵਿਚ ਵੀ ਲਾਜਵਾਬ ਲੱਗਦੀ ਹੈ।

--------



PunjabiDailyOnLine

# AKAL OPTICAL



1058 Albion Rd Toronto, ON M9V 1A7 Tel : 416-745-7242

10095 Bramalea Rd Unit 108, Brampton ON, L6R 1A1 Tel : 905-792-7242

15 Martin St Milton, ON L9T 2R1 Tel : 905-876-8556

4525 Ebenezer Rd unit 18, Brampton, ON L6P 2K8 Tel : 905-794-8200

2901 Eglinton Ave W Unit 18, Mississauga ON, L5M 8J5 Tel : 905-607-7000

6061 14th Ave Markham, ON L3S 0A2 Tel : 905-294-4900

Shoppers World Plaza 499 Main Street S. Brampton, ON, L6Y 1N7 Tel : 905-459-9978

West side Market Village 253 Centennial Rd. Orange ville, ON, L9W 5K9 Tel : 519-941-0188

5580 Terry Fox Way Unit 11, Mississauga ON, L5V 0A5 Tel : 905-858-8080

90 Colomarino Dr. Unit 9, Brampton, ON, L6P 0L8 Tel : 905-457-5656

719 Central Parkway W on Mavis Rd. Mississauga ON, 905-949-2520

11 Locations

www.akaloptical.com
E: info@www.akaloptical.com

VERSACE DIESEL PRADA Dior D&G GUCCI Ray-Ban BURBERRY

# SATELLITE DISH

30 Asian + American Channels

ਸੈਟੇਲਾਈਟ ਡਿਸ਼ ਰਾਹੀਂ ਘਰ ਬੈਠੇ ਦੁਨੀਆਂ ਦੇਖੋ

## Star one, Star Plus

Installation Hardware repair of all kinds Programming We also provide service for the security camera and TV Wall mount

ਇੱਕ ਭਰੋਸੇ ਵਾਲਾ ਨਾਮ ਜੱਸੀ

Call Jassi

ਡਿਸ਼ ਤੇ ਰਸੀਵਰ ਦੀ ਹਰ ਤਰ੍ਹਾਂ ਦੀ ਰਿਪੇਅਰ

ਇਨਸਟਾਲੇਸ਼ਨ, ਪ੍ਰੋਗਰਾਮਿੰਗ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦਾ ਆਨੰਦ ਲਓ।

**416-561-2120**




COLLISION ?

Not Your Fault ?


Be calm, before you contact your insurance company, we can fix it and save your money

905-673-9494

# Sohi & Bansal

## Lawyers LLP

Barrister - Solicitors - Notaries Public



Balraj Singh Sohi
BARRISTER, SOLICITOR, NOTERY PUBLIC
sohi@sohiandbansallaw.com



Kiran Bansal
BARRISTER, SOLICITOR, NOTERY PUBLIC
kiran@sohiandbansallaw.com

- Real Estate
- Personal Injury
- Family
- Uncontested Divorce
- Notarization
- Wills

**Tel: 905-694-9666**

2970 Drew Rd. Suite 108, Mississauga ON, L4T 0A6

# ਜਗਤਾਰ ਟੈਕਸਟਾਈਲ

ਹੁਣ ਬਰੈਂਪਟਨ ਵਿੱਚ ਵੀ



## ਗਰੈਂਡ ਓਪਨਿੰਗ ਸੇਲ ਜਾਰੀ ਹੈ

1) ਸ਼ਿਮਰ ਕੋਰੀਆ ਦੇ 20 ਡਾਲਰ ਵਾਲੇ 1 ਖਰੀਦੋ ਦੂਸਰਾ ਮੁਫਤ (20 ਦੇ 2 ਸੂਟ)
2) ਕੋਰੀਆ ਦੀ ਕਰੱਸ਼ ਸ਼ਿਮਰ ਤੇ ਪਲੇਨ ਸ਼ਿਮਰ 50 ਰੰਗਾਂ ਵਿੱਚ
3) ਕੁੜਤਾ ਪਜਾਮਾ 10 ਖਰੀਦੋ $100 ਅਤੇ 5 ਨਾਲ ਮੁਫਤ ਲਵੋ
4) ਸ਼ਰਟਾਂ 10 ਖਰੀਦੋ $50 ਅਤੇ 5 ਨਾਲ ਮੁਫਤ ਲਵੋ
5) ਕੋਟ ਪੈਂਟ ਦਾ ਕੱਪੜਾ $25, 4 ਖਰੀਦੋ 2 ਮੁਫਤ
6) ਕਾਟਨ ਬੈਡਸ਼ੀਟ 90" ਚੌੜੀ, $6 ਵਾਲੀ ਹੁਣ $4 ਪ੍ਰਤੀ ਗਜ਼
7) ਚਿਕਨ ਦੇ ਕੋਰੀਆ ਦੇ ਦੁਪੱਟੇ ਪਹੁੰਚ ਗਏ ਹਨ
8) ਪਰਸ, $20 ਵਾਲਾ, ਹੁਣ $20 'ਚ ਤਿੰਨ ਲਵੋ
9) ਫੈਂਸੀ ਬੁਟੀਕ ਸੂਟ $250 ਵਾਲਾ ਹੁਣ $150 'ਚ ਲਵੋ

ਜਿਹੜਾ ਲੈ ਗਿਆ ਸੋ ਲੈ ਗਿਆ
ਜਿਹੜਾ ਰਹਿ ਗਿਆ ਸੋ ਰਹਿ ਗਿਆ



ਲੋਕਾਂ ਨੇ ਖੋਲੀਆਂ ਹੱਟੀਆਂ ਜਗਤਾਰ ਨੇ ਖੋਲਿਆ ਹੱਟ
ਕੱਪੜਾ ਵੇਚਦੇ ਵਧੀਆ ਤੇ ਪੈਸੇ ਲੈਂਦੇ ਘੱਟ

# ਜਗਤਾਰ ਟੈਕਸਟਾਇਲ

105 Kennedy Rd. South
Unit 7, Brampton ON.

**416-745-2700**

101 Westmore Dr. Toronto, # 119
ਰੈਕਸਡੇਲ ਗੁਰਦੁਆਰਾ ਸਾਹਿਬ ਦੇ ਨੇੜੇ

Brampton
CREMATORIUM & VISITATION CENTRE INC.
Crematorium Operated by Park Lawn Corp.

# Brampton

## Crematorium & Visitation Centre

www.BcVc.info


30 Bramwin Court, Brampton, ON, L6T 5A9

* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜ਼ਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ

**Inderjit S. Bal**
**416-666-7655**




24/7 Service Available




**Tel: 905-458-2222**

# ਪਹਾੜੀ ਦੇ ਕੋਨੇ 'ਤੇ ਲਿਜਾ ਕੇ ਛੱਡ ਦਿੱਤੀ ਬੱਚੀ

ਨਾਰਵੇ—ਲੋਕ ਅਕਸਰ ਜਦੋਂ ਵੀ ਬਾਹਰ ਘੁੰਮਣ ਜਾਂਦੇ ਹਨ ਤਾਂ ਆਪਣੇ ਕੈਮਰੇ ਵਿਚ ਉਥੋਂ ਦੇ ਹਰ ਨਜ਼ਾਰੇ ਨੂੰ ਕੈਦ ਕਰ ਲੈਣਾ ਚਾਹੁੰਦੇ ਹਨ। ਅਜਿਹਾ ਹੀ ਕਿ ਪਰਿਵਾਰ ਨਾਰਵੇ ਪ੍ਰੀਕੇਸਟੋਲਨ ਦੇ ਪ੍ਰਸਿੱਧ ਪਲਪਿਟ ਰਾਕ ਘੁੰਮਣ ਗਿਆ ਸੀ। ਪਰਿਵਾਰ ਦੇ ਚਾਰ ਵੱਡੇ ਮੈਂਬਰਾਂ ਦੇ ਨਾਲ ਇਕ ਛੋਟੀ ਜਿਹੀ ਬੱਚੀ ਸੀ, ਜੋ ਅਜੇ ਸਿਰਫ ਰੁੜ੍ਹਦੀ ਸੀ।



ਇਸ ਪਰਿਵਾਰ ਨੇ ਇਸ ਖੂਬਸੂਰਤ ਪਹਾੜੀ 'ਤੇ ਮਹਿਜ਼ ਬੱਚੀ ਦੀ ਇਕ ਤਸਵੀਰ ਖਿੱਚਣ ਲਈ ਉਸ ਦੀ ਜਾਨ ਖਤਰੇ ਵਿਚ ਪਾ ਦਿੱਤੀ। ਪਰਿਵਾਰ ਨੇ ਬੱਚੀ ਨੂੰ ਪਹਾੜੀ ਦੇ ਇਕ ਕੋਨੇ 'ਤੇ ਛੱਡ ਦਿੱਤਾ ਅਤੇ ਉਸ ਦੀ ਤਸਵੀਰ ਖਿੱਚੀ। ਇਸ ਦੌਰਾਨ ਉਹ ਬੱਚੀ ਤੋਂ ਕਾਫੀ ਦੂਰੀ 'ਤੇ ਸਨ ਅਤੇ ਇਸ ਤਰ੍ਹਾਂ ਬੱਚੀ ਰੁੜ੍ਹਦੀ-ਰੁੜ੍ਹਦੀ ਥੋੜ੍ਹਾ ਜਿਹਾ ਵੀ ਅੱਗੇ ਜਾਂਦੀ ਤਾਂ ਕੋਈ ਵੀ ਵੱਡਾ ਹਾਦਸਾ ਵਾਪਰ ਸਕਦਾ ਸੀ। ਪਹਾੜੀ ਇੰਨੀ ਉੱਚੀ ਹੈ ਕਿ ਉਸ ਦੇ ਪਿੱਛੇ ਦੇਖਦੇ ਹੀ ਡਰ ਲੱਗਦਾ ਹੈ। ਅਜਿਹੇ ਵਿਚ ਉਸ ਦੀ ਤਸਵੀਰ ਖਿੱਚਣ ਲਈ ਉਸ ਨੂੰ ਇੰਝ ਉਸ ਦੇ ਇਕ ਕੋਨੇ 'ਤੇ ਛੱਡਣਾ ਬਹੁਤ ਗਲਤ ਗੱਲ ਸੀ। ਉੱਥੇ ਮੌਜੂਦ ਇਕ ਵਿਅਕਤੀ ਫ੍ਰੇਡ ਨੂੰ ਵੀ ਇਹ ਗੱਲ ਸਹੀ ਨਹੀਂ ਲੱਗੀ ਅਤੇ ਉਸ ਨੇ ਲੋਕਾਂ ਨੂੰ ਸਾਵਧਾਨ ਕਰਨ ਲਈ ਇਹ ਤਸਵੀਰ ਖਿੱਚੀ ਤੇ ਤਸਵੀਰ ਸ਼ੋਸ਼ਲ ਮੀਡੀਆ ਸਾਈਟ 'ਤੇ ਸਾਂਝੀ ਕੀਤੀ ਤਾਂ ਲੋਕਾਂ ਨੇ ਇਸ ਦੀ ਕਾਫੀ ਆਲੋਚਨਾ ਕੀਤੀ। ਅਸਲ ਵਿਚ ਲੋਕ ਹਮੇਸ਼ਾ ਉਦੋਂ ਹੀ ਸਮਝਦੇ ਹਨ ਜਦੋਂ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ, ਉਸ ਤੋਂ ਪਹਿਲਾਂ ਸਾਵਧਾਨੀ ਵਰਤਣ ਲੱਗਿਆ ਉਨ੍ਹਾਂ ਨੂੰ ਮੌਤ ਪੈਂਦੀ ਹੈ। ਤਸਵੀਰਾਂ ਵਿਚ ਪਹਾੜੀ ਕਿੰਨੀਂ ਭਿਆਨਕ ਹੈ ਸਾਫ ਦਿਖਾਈ ਦੇ ਰਿਹਾ ਹੈ।

# ਗਲਾਸਗੋ 'ਚ ਆਜ਼ਾਦੀ ਲਈ ਵੋਟ ਪਾ ਰਹੇ ਹਨ ਕਸ਼ਮੀਰੀ

ਲੰਡਨ- ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੂਲ ਵਾਸੀ ਕੋਈ 20 ਹਜ਼ਾਰ ਜਾਂ ਉਸ ਤੋਂ ਵੱਧ ਮੁਸਲਮਾਨ ਆਜ਼ਾਦੀ ਲਈ ਕਰਵਾਏ ਜਾ ਰਹੇ ਜਨਮਤ ਸੰਗ੍ਰਹਿ 'ਚ ਹਿੱਸਾ ਲੈ ਰਹੇ ਹਨ। ਇਹ ਮੌਕਾ ਉਨ੍ਹਾਂ ਨੂੰ ਸਕਾਟਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਗਲਾਸਗੋਵ 'ਚ ਮਿਲਿਆ ਹੈ।



ਸਕਾਟਲੈਂਡ ਦੇ ਬ੍ਰਿਟੇਨ 'ਚ ਬਣੇ ਰਹਿਣ ਜਾਂ ਉਸ ਤੋਂ ਵੱਖ ਇਕ ਸੁਤੰਤਰ ਦੇਸ਼ ਦੇ ਰੂਪ 'ਚ ਦੁਨੀਆ ਦੇ ਨਕਸ਼ੇ 'ਤੇ ਉਭਰਣ ਲਈ ਵੀਰਵਾਰ ਨੂੰ ਕਰਵਾਏ ਜਾ ਰਹੇ ਜਨਮਤ ਸੰਗ੍ਰਹਿ ਤਹਿਤ ਗਲਾਸਗੋਵ 'ਚ ਵੀ ਵੋਟਿੰਗ ਹੋ ਰਹੀ ਹੈ। ਇਸ ਸ਼ਹਿਰ 'ਚ ਕਸ਼ਮੀਰੀ ਮੂਲ ਦੇ ਕਾਫੀ ਲੋਕ ਰਹਿੰਦੇ ਹਨ ਇਨ੍ਹਾਂ 'ਚ ਜ਼ਿਆਦਾਤਰ ਉਹ ਲੋਕ ਹਨ ਜਿਨ੍ਹਾਂ ਨੂੰ ਇਥੇ ਵੋਟ ਦਾ ਅਧਿਕਾਰ ਮਿਲਿਆ ਹੋਇਆ ਹੈ।

ਵੀਰਵਾਰ ਸਵੇਰੇ 11:30 ਵਜੇ ਵੋਟਿੰਗ ਸ਼ੁਰੂ ਹੁੰਦੇ ਹੀ ਸਕੂਲਾਂ ਅਤੇ ਹਾਲਾਂ 'ਚ ਬਣੇ ਪੋਲਿੰਗ ਬੂਥਾਂ 'ਤੇ ਲੋਕਾਂ ਦੀਆਂ ਲਾਈਨਾਂ ਲੱਗੀਆਂ ਦੇਖੀਆਂ ਗਈਆਂ। ਅੱਜ ਦੀ ਇਹ ਵੋਟਿੰਗ ਤੈਅ ਕਰੇਗੀ ਕਿ 307 ਸਾਲ ਤੱਕ ਗ੍ਰੇਟ ਬ੍ਰਿਟੇਨ ਦਾ ਹਿੱਸਾ ਰਹੇ ਸਕਾਟਲੈਂਡ ਦੇ ਲੋਕ ਕੀ ਚਾਹੁੰਦੇ ਹਨ। ਕੀ ਉਹ ਬ੍ਰਿਟੇਨ ਦਾ ਹਿੱਸਾ ਬਣੇ ਰਹਿਣਾ ਚਾਹੁੰਦੇ ਹਨ ਜਾਂ ਇਕ ਵੱਖ ਦੇਸ਼ ਦੇ ਰੂਪ 'ਚ ਵਿਸ਼ਵ ਦੇ ਨਕਸ਼ੇ 'ਤੇ ਉਭਰਣਾ ਚਾਹੁੰਦੇ ਹਨ।

# ਕਰਾਚੀ 'ਚ ਰੈਲੀ ਨੂੰ ਸੰਬੋਧਨ ਕਰਨਗੇ ਇਮਰਾਨ

ਇਸਲਾਮਾਬਾਦ-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੋਂ ਅਸਤੀਫਾ ਦੇਣ ਦੀ ਮੰਗ ਨੂੰ ਲੈ ਕੇ ਪਾਕਿਸਤਾਨੀ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਨੇ ਆਪਣੇ ਅੰਦੋਲਨ ਨੂੰ ਸਾਰੇ ਵੱਡੇ ਸ਼ਹਿਰਾਂ 'ਚ ਵਿਸਥਾਰ ਦੇਣ ਦਾ ਫੈਸਲਾ ਕੀਤਾ ਹੈ। ਪਾਰਟੀ ਸੂਤਰਾਂ ਨੇ ਦੱਸਿਆ ਕਿ ਰਾਜਧਾਨੀ ਇਸਲਾਮਾਬਾਦ 'ਚ ਪਾਰਟੀ ਵਰਕਰਾਂ ਪਿਛਲੇ ਇਕ ਮਹੀਨੇ ਤੋਂ ਲਗਾਤਾਰ ਧਰਨੇ 'ਤੇ ਬੈਠੇ ਹੋਏ ਹਨ। ਪਾਰਟੀ ਪ੍ਰਧਾਨ ਨੂੰ ਲੱਗਦਾ ਹੈ ਕਿ ਹੁਣ ਇਸ ਅੰਦੋਲਨ ਨੂੰ ਪੂਰੇ ਦੇਸ਼ ਭਰ 'ਚ ਵਿਸਥਾਰ ਦਿੱਤੇ ਜਾਣ ਦੀ ਲੋੜ ਹੈ। ਬੈਠਕ 'ਚ ਸਰਬ ਸਹਿਮਤੀ ਨਾਲ ਫੈਸਲਾ ਲਿਆ ਗਿਆ ਕਿ ਪਾਰਟੀ ਪ੍ਰਧਾਨ ਐਤਵਾਰ ਨੂੰ 21 ਸਤੰਬਰ ਨੂੰ ਕਰਾਚੀ 'ਚ ਪਾਰਟੀ ਵਰਕਰਾਂ ਦੀ ਰੈਲੀ ਨੂੰ ਸੰਬੋਧਤ ਕਰਨਗੇ। ਇਸ ਤੋਂ ਪਹਿਲਾਂ ਇਮਰਾਨ ਨੇ ਐਲਾਨ ਕੀਤਾ ਸੀ ਕਿ ਉਹ ਸ਼ਰੀਫ ਦਾ ਪ੍ਰਧਾਨ ਮੰਤਰੀ ਅਹੁਦਾ ਛੱਡਣ ਦੇ ਯਕੀਨ ਤੋਂ ਬਾਅਦ ਪਾਰਟੀ ਵਰਕਰਾਂ ਦਾ ਧੰਨਵਾਦ ਕਰਨ ਲਈ ਕਰਾਚੀ ਜਾਣਗੇ।



# ਕਤਰ ਵਲੋਂ ਅਪ੍ਰਵਾਸੀ ਕਾਮਿਆਂ ਦੀ ਸਥਿਤੀ ਸੁਧਾਰਣ ਦਾ ਵਾਅਦਾ

ਬਰਲਿਨ- ਕਤਰ ਦੇ ਸ਼ਾਹ ਅਮੀਰ ਸ਼ੇਖ ਤਮੀਮ ਬਿਨ ਹਮਾਦ ਬਿਨ ਖਲੀਫਾ ਅਲ ਥਾਨੀ ਨੇ ਵਾਅਦਾ ਕੀਤਾ ਹੈ ਕਿ ਉਹ ਕਤਰ 'ਚ ਆਯੋਜਿਤ ਹੋਣ ਵਾਲੇ ਸਾਲ 2022 ਫੁੱਟਬਾਲ ਵਿਸ਼ਵ ਕੱਪ ਲਈ ਬੁਨਿਆਦੀ ਢਾਂਚੇ 'ਤੇ ਕੰਮ ਕਰ ਰਹੇ ਅਪ੍ਰਵਾਸੀ ਕਾਮਿਆਂ ਦੀ ਸਥਿਤੀ 'ਚ ਸੁਧਾਰ ਲਿਆਉਣ ਦੀ ਦਿਸ਼ਾ 'ਚ ਕੰਮ ਕਰਨਗੇ। ਬਰਲਿਨ 'ਚ ਬੁੱਧਵਾਰ ਨੂੰ ਜਰਮਨ ਚਾਂਸਲਰ ਐਂਜੇਲਾ ਮਾਰਕੇਲ ਨਾਲ ਇਕ ਸਾਂਝੇ ਪੱਤਰਕਾਰ ਸੰਮੇਲਨ 'ਚ ਜਦੋਂ ਗੈਰ ਸਰਕਾਰੀ ਸੰਸਥਾਵਾਂ, ਯੂਨੀਅਨਾਂ ਅਤੇ ਕੌਮਾਂਤਰੀ ਸੰਗਠਨਾਂ ਨੇ ਇਸ ਮੁੱਦੇ 'ਤੇ ਸਵਾਲ ਕੀਤੇ ਤਾਂ ਸ਼ਾਹ ਨੇ ਮੰਨਿਆ ਕਿ ਗਲਤੀਆਂ ਹੋਈਆਂ ਹਨ। ਮਾਰਕੇਲ ਨੇ ਦੱਸਿਆ ਕਿ ਉਸ ਵਿਸ਼ੇ 'ਤੇ ਉਨ੍ਹਾਂ ਨੇ ਸ਼ੇਖ ਤਮੀਮ ਨਾਲ ਹੋਈ ਮੀਟਿੰਗ ਦੌਰਾਨ ਵੀ ਚਰਚਾ ਕੀਤੀ ਸੀ। ਐਮਨੈਸਟੀ ਇੰਟਰਨੈਸ਼ਨਲ ਸਰੀਖੇ ਸੰਗਠਨਾਂ ਦੀਆਂ ਰਿਪੋਰਟਾਂ 'ਚ 2022 ਫੁੱਟਬਾਲ ਵਿਸ਼ਵਕੱਪ ਪ੍ਰਾਜੈਕਟਾਂ 'ਚ ਵਿਦੇਸ਼ੀ ਕਾਮਿਆਂ ਦੇ ਸ਼ੋਸ਼ਣ ਅਤੇ ਉਨ੍ਹਾਂ ਦੇ ਨਾਲ ਹੋ ਰਹੇ ਨਿਆਂ ਦੀ ਆਲੋਚਨਾ ਕੀਤੀ ਗਈ ਹੈ।

# ਧੋਖੇਬਾਜ਼ ਲੜਕੇ ਦਾ 3 ਗਰਲਫ੍ਰੈਂਡਸ ਨੇ ਮਿਲ ਕੇ ਕੀਤਾ ਬੁਰਾ ਹਾਲ

ਲੰਡਨ—ਮੁੰਡੇ-ਕੁੜੀਆਂ ਦਾ ਪਿਆਰ-ਦੋਸਤੀ ਅੱਜ-ਕੱਲ੍ਹ ਸਭ ਕੁਝ ਦਿਖਾਵਾ ਹੈ। ਇਕ ਮੁੰਡਾ ਕਈ-ਕਈ ਲੜਕੀਆਂ ਨੂੰ ਨਾਲ ਲੈ ਕੇ ਘੁੰਮਦਾ ਹੈ ਅਤੇ ਸਾਰੀਆਂ ਨਾਲ ਪਿਆਰ ਦੀਆਂ ਪੀਂਘਾਂ ਝੂਟਦਾ ਹੈ ਪਰ ਇਹ ਉਸ ਸਮੇਂ ਸਿਖਰਾਂ 'ਤੇ ਚੜ੍ਹ ਕੇ ਟੁੱਟਦੀ ਹੈ, ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਦਾ ਖੁਲਾਸਾ ਹੁੰਦਾ ਹੈ ਤੇ ਅੰਜ਼ਾਮ ਉਹ ਹੀ ਹੁੰਦਾ ਹੈ ਜੋ ਇਸ ਮਾਮਲੇ ਵਿਚ ਹੋਇਆ।



ਇੰਗਲੈਂਡ ਦੇ ਹਰਟਫੋਰਡਸ਼ਾਇਰ ਦਾ ਇਕ ਲੜਕਾ ਚਾਰਲੀ ਫਿਸ਼ਰ ਇਕ ਨਹੀਂ ਤਿੰਨ-ਤਿੰਨ ਲੜਕੀਆਂ ਨੂੰ ਡੇਟ ਕਰ ਰਿਹਾ ਸੀ। ਉਸ ਦੀ 17 ਸਾਲ ਦੀ ਗਰਲਫ੍ਰੈਂਡ ਬੇਕੀ ਨੂੰ ਜਦੋਂ ਪਤਾ ਲੱਗਾ ਕਿ ਚਾਰਲੀ ਦੀ ਇਕ ਹੋਰ ਗਰਲਫ੍ਰੈਂਡ ਹੈ ਤਾਂ ਉਸ ਨੇ ਪੂਰੇ ਮਾਮਲੇ ਦਾ ਪਤਾ ਲਗਾਉਣ ਲਈ ਉਸ ਨਾਲ ਦੋਸਤੀ ਕਰ ਲਈ। ਚਾਰਲੀ ਦੀ ਦੂਜੀ ਗਰਲਫ੍ਰੈਂਡ ਲਿਜ਼ੀ ਲੀਜੈਂਡ ਕਨਿੰਗਘਮ ਇਕ ਸੁਪਰਮਾਰਕੀਟ ਵਿਚ ਕੰਮ ਕਰਦੀ ਸੀ। ਬੇਕੀ ਨੇ ਉੱਥੇ ਆਉਣਾ-ਜਾਣਾ ਸ਼ੁਰੂ ਕਰ ਦਿੱਤਾ ਅਤੇ ਲਿਜ਼ੀ ਗਹਿਰੀ ਦੋਸਤੀ ਕਰ ਲਈ। ਗੱਲਾਬਾਤਾਂ ਕਰਦੇ ਹੋਏ ਦੋਹਾਂ ਨੇ ਖੁਲਾਸਾ ਕੀਤਾ ਕਿ ਚਾਰਲੀ ਦੋਹਾਂ ਨੂੰ ਧੋਖਾ ਦੇ ਰਿਹਾ ਹੈ। ਫਿਰ ਕੀ ਸੀ ਉਨ੍ਹਾਂ ਨੇ ਚਾਰਲੀ ਨੂੰ ਸਬਕ ਸਿਖਾਉਣ ਦੀ ਸੋਚੀ। ਇਸ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਚਾਰਲੀ ਇਕ ਹੋਰ ਲੜਕੀ ਨੂੰ ਵੀ ਡੇਟ ਕਰ ਰਿਹਾ ਹੈ। ਦੋਹਾਂ ਨੇ ਮਿਲ ਕੇ ਤੀਜੀ ਲੜਕੀ ਨੂੰ ਵੀ ਫੇਸਬੁੱਕ ਅਤੇ ਟਵਿੱਟਰ 'ਤੇ ਦੋਸਤੀ ਕਰਕੇ ਆਪਣੇ ਨਾਲ ਮਿਲਾ ਲਿਆ।

ਇਕ ਦਿਨ ਜਦੋਂ ਚਾਰਲੀ ਨੇ ਦੱਸਿਆ ਕਿ ਉਹ ਆਪਣੀ ਦਾਦੀ ਨੂੰ ਵੀ ਆਪਣੇ ਨਾਲ ਰਹਿਣ ਲਈ ਲਿਆ ਰਿਹਾ ਹੈ ਤਾਂ ਤਿੰਨੇਂ ਸਹੇਲੀਆਂ ਵੀ ਏਅਰਪੋਰਟ 'ਤੇ ਪਹੁੰਚ ਗਈਆਂ। ਚਾਰਲੀ ਫਲਾਈਟ ਤੋਂ ਆਪਣੀ ਦਾਦੀ ਦੇ ਨਾਲ ਉਤਰਿਆ ਤਾਂ ਸਾਹਮਣੇ ਆਪਣੀਆਂ ਤਿੰਨੇਂ ਗਰਲਫ੍ਰੈਂਡਸ ਨੂੰ ਦੇਖ ਕੇ ਹੈਰਾਨ ਹੋ ਗਿਆ।

ਤਿੰਨਾਂ ਨੇ ਏਅਰਪੋਰਟ 'ਤੇ ਹੀ ਚਾਰਲੀ ਦੀ ਬੇਇਜ਼ਤੀ ਕੀਤੀ ਅਤੇ ਉਸ ਦਾ ਪਰਦਾਫਾਸ਼ ਕਰ ਦਿੱਤਾ। ਉਹ ਇਸ ਗੱਲ ਤੋਂ ਇੰਨਾਂ ਸ਼ਰਮਿੰਦਾ ਹੋਇਆ ਕਿ ਆਪਣੀ ਦਾਦੀ ਨੂੰ ਵੀ ਉੱਥੇ ਛੱਡ ਕੇ ਭੱਜ ਗਿਆ।

## ਸੰਪਾਦਕੀ ਸਫੇ ਦੀ ਬਾਕੀ

# ਸਕਾਟਲੈਂਡ ਵਿੱਚ ਇਤਿਹਾਸਕ ਰਾਇਸ਼ੁਮਾਰੀ

ਅਨ-ਯੂਨਾਇਟਿਡ ਕਿੰਗਡਮ ਵਿੱਚ ਤਬਦੀਲ ਹੋ ਜਾਵੇਗੀ। ਯੂਰਪ ਅਤੇ ਸੰਸਾਰ ਵਿੱਚ ਇਸ ਦੀ ਤਾਕਤ ਦਾ ਅਨੁਪਾਤ ਵੀ ਹੇਠਾਂ ਆ ਜਾਵੇਗਾ। ਜੇ ਇਹ ਇਕੱਠਾ ਵੀ ਰਿਹਾ ਤਾਂ ਵੀ ਆਪਣੀਆਂ ਤਾਕਤਾਂ ਦਾ ਵਿਕੇਂਦਰੀਕਰਨ ਕਰਨਾ ਪਵੇਗਾ। ਜੇ ਆਜ਼ਾਦੀਪ੍ਰਸਤ ਜਿੱਤ ਜਾਂਦੇ ਹਨ ਤਾਂ ਇਸ ਦਾ ਅਸਰ ਦੁਨੀਆਂ ਭਰ ਦੇ ਉਨ੍ਹਾਂ ਸਾਰੇ ਅੰਦੋਲਨਾਂ ਉੱਤੇ ਪਵੇਗਾ ਜੋ ਆਪੋ- ਆਪਣੀਆਂ ਯੂਨੀਅਨਾਂ ਖ਼ਿਲਾਫ਼ ਆਜ਼ਾਦੀ ਲਈ ਲੜ ਰਹੇ ਹਨ। 90ਵਿਆਂ ਵਿੱਚ ਸੋਵੀਅਤ ਯੂਨੀਅਨ ਵੀ ਟੁੱਟਿਆ। ਉਹ ਤਬਦੀਲੀ ਵੀ ਬਿਨਾਂ ਕਿਸੇ ਵੱਡੇ ਕਤਲੋਗਾਰਦ ਦੇ ਵਾਪਰੀ ਸੀ। ਆਧੁਨਿਕ ਸੰਸਾਰ ਵਿੱਚ ਸਬੰਧਿਤ ਖਿੱਤੇ ਦੇ ਲੋਕਾਂ ਦੀ ਰਾਇਸ਼ੁਮਾਰੀ ਨਾਲ ਅਲੱਗ ਦੇਸ਼ ਬਣਾਉਣ ਦੀ ਇਹ ਪਹਿਲੀ ਮਿਸਾਲ ਹੋਵੇਗੀ। ਇਸ ਨਾਲ ਇੱਕ ਗੱਲ ਹੋਰ ਵੀ ਸਾਬਤ ਹੋਵੇਗੀ ਕਿ ਧਰਤੀ ਨਹੀਂ ਸਗੋਂ ਲੋਕ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ। ਬਹੁਤ ਸਾਰੇ ਦੇਸ਼ਾਂ ਵਿੱਚ ਰਾਸ਼ਟਰ ਨੂੰ ਧਰਤੀ ਦੇ ਨਜ਼ਰੀਏ ਤੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਧਰਤੀ ਦੇ ਟੁਕੜੇ ਉੱਤੇ ਕਬਜ਼ਾ ਰੱਖਣ ਲਈ ਲੋਕਾਂ ਦਾ ਖ਼ੂਨ ਵਹਾਉਣ ਨੂੰ ਵੀ ਕੌਮੀ ਹਿੱਤ ਕਰਾਰ ਦਿੱਤਾ ਜਾਂਦਾ ਹੈ। ਰਾਇਸ਼ੁਮਾਰੀ ਦਾ ਨਤੀਜਾ ਕੋਈ ਵੀ ਹੋਵੇ ਪਰ ਸੰਸਾਰ ਦੇ ਜਮਹੂਰੀ ਪ੍ਰਬੰਧ ਉੱਤੇ ਇਸ ਦਾ ਚਿਰਸਥਾਈ ਅਸਰ ਪਵੇਗਾ। ਪੂਰੀ ਦੁਨੀਆਂ ਨੂੰ ਰਾਇਸ਼ੁਮਾਰੀ ਦੇ ਇਨ੍ਹਾਂ ਨਤੀਜਿਆਂ ਦੀ ਬੇਸਬਰੀ ਨਾਲ ਉਡੀਕ ਹੈ।

# ਗਾਜ਼ਾ ਪੱਟੀ

ਮਰਨ ਵਾਲੇ ਬੇਕਸੂਰ ਔਰਤਾਂ, ਬੱਚੇ, ਬਜ਼ੁਰਗ ਤੇ ਨੌਜਵਾਨ ਹਨ।ਇਕੱਲੇ 30 ਅਗਸਤ ਵਾਲੇ ਦਿਨ ਹੀ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ 100 ਤੋਂ ਵੱਧ ਬੇਕਸੂਰ ਸ਼ਹਿਰੀ ਮਾਰੇ ਗਏ। ਸ਼ੇਜਾਈਆ ਸ਼ਹਿਰ ਦੀ ਸਬਜੀ ਮੰਡੀ ਵਿੱਚ ਖਰੀਦਾਰੀ ਕਰ ਰਹੇ ਲੋਕਾਂ ਤੇ ਬੰਬਾਰੀ ਕਰਕੇ 17 ਵਿਅਕਤੀ ਕਤਲ ਤੇ 160 ਜ਼ਖਮੀ ਕਰ ਦਿੱਤੇ ਗਏ।ਇਸਤੋਂ ਇਲਾਵਾ ਇਸੇ ਦਿਨ ਇਸਨੇ ਮਨੁੱਖਤਾ ਨੂੰ ਸ਼ਰਮਸ਼ਾਰ ਕਰ ਦੇਣ ਵਾਲੀ ਘਟਨਾਂ ਵਿੱਚ ਜਬਾਲੀਆ ਸ਼ਹਿਰ ਵਿੱਚ ਯੂ.ਐਨ.ਉ.ਅਧੀਨ ਚੱਲ ਰਹੇ ਸਕੂਲ ਵਿੱਚ ਬੰਬਾਰੀ ਕਰਕੇ ਸੁੱਤੇ ਪਏ 16 ਬੇਕਸੂਰ ਸ਼ਰਣਾਰਥੀਆਂ ਤੇ ਬੱਚਿਆਂ ਦੀ ਹੱਤਿਆ ਕਰ ਦਿੱਤੀ। ਯੂ. ਐਨ. ਉ.ਦੇ ਸੈਕਟਰੀ ਜਨਰਲ ਨੇ ਇਹ ਘ੍ਰਿਣਤ ਕਾਰੇ ਦੀ ਸਖਤ ਅਲੋਚਨਾ ਕੀਤੀ ਹੈ। ਹਮਾਸ ਨੇ ਐਲਾਨ ਕੀਤਾ ਹੈ ਕਿ ਜਦ ਤੱਕ ਮਿਸਰ ਅਤੇ ਇਜ਼ਰਾਈਲ ਗਜ਼ਾ ਪੱਟੀ ਦੀ ਨਾਕਾਬੰਦੀ ਖਤਮ ਨਹੀ ਕਰਦੇ,ਜੰਗ ਜਾਰੀ ਰਹੇਗੀ। ਜੰਗ 23ਵੇਂ ਦਿਨ ਵਿੱਚ ਦਾਖਿਲ ਹੋ ਗਈ ਹੈ।ਇਹ ਹੁਣ ਤੱਕ ਦਾ ਹਮਾਸ ਤੇ ਇਜ਼ਰਾਈਲ ਦਰਮਿਆਨ ਸਭ ਤੋਂ ਲੰਬਾ ਚੱਲਿਆ ਸੰਘਰਸ਼ ਹੈ।

ਇਸ ਸਾਰੇ ਘਟਨਾਂਕ੍ਰਮ ਵਿੱਚ ਅਮਰੀਕਾ ਦੀ ਭੂਮਿਕਾ ਬੜੀ ਨਾਂਹ ਪੱਖੀ ਰਹੀ ਹੈ। ਅਮਰੀਕਾ ਦੀ ਜਿਆਦਾਤਰ ਆਰਥਿਕਤਾ ਯਹੂਦੀਆਂ ਦੇ ਕੰਟਰੋਲ ਹੇਠ ਹੈ। ਇਜ਼ਰਾਈਲ ਮੱਧ ਪੂਰਬ ਵਿੱਚ ਅਰਬ ਦੇਸ਼ਾਂ ਨੂੰ ਕੰਟਰੋਲ ਵਿੱਚ ਰੱਖਣ ਲਈ ਅਮਰੀਕਾ ਦੇ ਥਾਣੇਦਾਰ ਦੀ ਭੂਮਿਕਾ ਨਿਭਾਉਂਦਾ ਹੈ। ਅਮਰੀਕਾ ਦੁਆਰਾ ਯਹੂਦੀ ਲਾਬੀ ਦੇ ਪ੍ਰਭਾਵ ਹੇਠ ਇਜ਼ਰਾਈਲ ਨੂੰ ਅੰਨ੍ਹੀ ਆਰਥਿਕ ਤੇ ਫੌਜੀ ਮਦਦ ਦਿੱਤੀ ਜਾਂਦੀ ਹੈ। ਜੇ ਕਿਸੇ ਹੋਰ ਦੇਸ਼ ਨੇ ਅਜਿਹੇ ਜੰਗੀ ਅਪਰਾਧ ਕੀਤੇ ਹੁੰਦੇ ਤਾਂ ਅਮਰੀਕਾ ਅੱਵਲ ਤਾਂ ਉਸਤੇ ਹਮਲਾ ਕਰ ਦਿੰਦਾ, ਨਹੀਂ ਆਰਥਿਕ ਪਾਬੰਦੀਆਂ ਤਾਂ ਜਰੂਰ ਹੀ ਲਾ ਦਿੰਦਾ। ਪਰ ਇਜ਼ਰਾਈਲ ਦੀ ਅਮਰੀਕਾ ਨੇ ਸਿਰਫ ਮਲਵੀਂ ਜਿਹੀ ਜ਼ੁਬਾਨ ਨਾਲ ਢਿੱਲੀ ਜਿਹੀ ਨੁਕਤਾਚੀਨੀ ਹੀ ਕੀਤੀ ਹੈ, ਕੋਈ ਠੋਸ ਕਦਮ ਨਹੀਂ ਚੁੱਕਿਆ। ਮਿਸਰ ਦੋਹਾਂ ਧਿਰਾਂ ਵਿੱਚ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਇਜ਼ਰਾਈਲ ਤੇ ਹਮਾਸ,ਦੋਹਵੇਂ ਹੀ ਸਮਝੌਤੇ ਲਈ ਬੜੀਆਂ ਕਰੜੀਆਂ ਸ਼ਰਤਾਂ ਰੱਖ ਰਹੇ ਹਨ। ਇਸ ਲਈ ਦੋ ਤਿੰਨ ਵਾਰੀ ਸਮਝੌਤਾ ਹੋ ਕੇ ਟੁੱਟ ਚੁੱਕਾ ਹੈ। ਇਜ਼ਰਾਈਲ ਨੂੰ ਅਮਰੀਕਾ ਅਤੇ ਹਮਾਸ ਨੂੰ ਅਮੀਰ ਅਰਬ ਦੇਸ਼ ਭਾਰੀ ਆਰਥਿਕ ਤੇ ਫੌਜੀ ਸਹਾਇਤਾ ਦੇ ਰਹੇ ਹਨ। ਜਦ ਤੱਕ ਯੂ. ਐਨ. ਉ.ਅਤੇ ਅਮਰੀਕਾ ਗੰਭੀਰਤਾ ਨਾਲ ਇਸ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਨਹੀਂ ਕਰਦੇ, ਤਦ ਤੱਕ ਦੋਹਾਂ ਪਾਸਿਆਂ ਤੋਂ ਬੇਕਸੂਰ ਮਾਸੂਮ ਨਾਗਰਿਕਾਂ ਦਾ ਜਾਨੀ ਮਾਲੀ ਨੁਕਸਾਨ ਹੁੰਦਾ ਹੀ ਰਹੇਗਾ।

# ਅਮਰੀਕੀ ਪੱਤਰਕਾਰ ਦੇ ਬਦਲੇ ਡਾਕਟਰ ਨੂੰ ਛੁਡਵਾਉਣਾ ਚਾਹੁੰਦਾ ਸੀ ਆਈ.ਐਸ.

ਨਿਊਯਾਰਕ-ਅਮਰੀਕੀ ਪੱਤਰਕਾਰ ਜੇਮਸ ਫੋਲੇ ਦੀ ਸਹੀ ਸਲਾਮਤ ਰਿਹਾਈ ਦੇ ਬਦਲੇ ਇਰਾਕ ਅਤੇ ਸੀਰੀਆ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰਨ ਵਾਲੇ ਖਤਰਨਾਕ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਨੇ ਪਾਕਿਸਤਾਨੀ ਮੂਲ ਦੀ ਇਕ ਡਾਕਟਰ ਨੂੰ ਵੀ ਛੱਡੇ ਜਾਣ ਦੀ ਵੀ ਮੰਗ ਕੀਤੀ ਸੀ। ਤਿੰਨ ਬੱਚਿਆਂ ਦੀ ਮਾਂ ਨਿਊਰੋਵਿਗਿਆਨੀ ਆਫੀਆ ਸਿਦਿੱਕੀ (42) ਨੂੰ ਇਥੋਂ ਦੀ ਇਕ ਅਦਾਲਤ ਦੇ ਹੁਕਮ 'ਤੇ ਸਾਲ 2010 'ਚ ਅਮਰੀਕੀ ਖੁਫੀਆ ਏਜੰਸੀ (ਐਫ.ਬੀ.ਆਈ.) ਦੇ ਏਜੰਟਾਂ, ਅਮਰੀਕੀ ਫੌਜੀਆਂ ਤੇ ਦੂਰਭਾਸ਼ੀਆਂ ਨੂੰ ਗੋਲੀ ਨਾਲ ਮਰਨ ਦੇ ਯਤਨ ਦੇ ਦੋਸ਼ 'ਚ 86 ਸਾਲ ਲਈ ਟੇਕਸਾਸ ਦੇ ਫੈਡਰਲ ਮੈਡੀਕਲ ਸੈਂਟਰ ਕਾਰਸਵੇਲ 'ਚ ਨਜ਼ਰਬੰਦ ਕੀਤਾ ਗਿਆ ਹੈ।



ਇਸ ਡਾਕਟਰ 'ਤੇ ਕੌਮਾਂਤਰੀ ਅੱਤਵਾਦ ਸੰਗਠਨ ਅਲਕਾਇਦਾ ਨਾਲ ਸੰਬੰਧਾਂ ਦੇ ਦੋਸ਼ ਹਨ। ਸਾਲ 2003 'ਚ ਪਾਕਿਸਤਾਨ 'ਚ ਹਿਰਾਸਤ 'ਚ ਲਈ ਗਈ ਡਾ.ਸਿਦਿੱਕੀ ਐਫ.ਬੀ.ਆਈ. ਤੋਂ ਪੁੱਛਗਿੱਛ ਕੀਤੀ ਗਈ ਸੀ। ਉਸ ਸਾਲ 2008 'ਚ ਅਫਗਾਨਿਸਤਾਨ ਪੁਲਸ ਨੇ 900 ਗ੍ਰਾਮ ਸੋਡੀਅਮ ਸਾਈਨਾਈਡ ਨਾਲ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਫੌਜੀਆਂ ਅਤੇ ਦੂਰਭਾਸ਼ੀਆਂ ਨੇ ਅਫਗਾਨਿਸਤਾਨ ਦੇ ਘਣੀ 'ਚ ਉਸ ਤੋਂ ਪੁੱਛਗਿੱਛ ਕਰਨ ਵਾਲੇ ਸਨ ਕਿ ਉਸਨੇ ਬੰਦੂਕ ਖੋਹ ਕੇ ਉਨ੍ਹਾਂ 'ਤੇ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਹਾਲਾਂਕਿ ਇਸ ਘਟਨਾ 'ਚ ਉਹ ਲੋਕ ਜ਼ਖਮੀ ਨਹੀਂ ਹੋਏ ਪਰ ਬਚਾਅ ਲਈ ਕੀਤੀ ਗਈ ਕੋਸ਼ਿਸ਼ 'ਚ ਡਾ. ਸਿਦਿੱਕੀ ਨੂੰ ਢਿੱਡ 'ਚ ਗੋਲੀ ਲੱਗੀ ਸੀ।


25th edition of
Kesri Pages
is set to release
Full Page
Fully Colour
$395+Taxes
Book Your
Ad NOW!
KesriPages
"Proud to be in it"
South Asian Business Directory
Tel: 416-233-9900
www.KesriPages.com, Email: sales@KesriPages.com